International Journal of Applied Research 2023; 9(9): 75-87




**ISSN Print:** 2394-7500
**ISSN Online:** 2394-5869
**Impact Factor:** 8.4
IJAR 2023; 9(9): 75-87
www.allresearchjournal.com
Received: 03-06-2023
Accepted: 04-07-2023

**ਰਵਿੰਦਰ ਕੌਰ**
ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਪੰਜਾਬ, ਭਾਰਤ

**Corresponding Author:**
**ਰਵਿੰਦਰ ਕੌਰ**
ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਪੰਜਾਬ, ਭਾਰਤ

# ਟੈਬੂ: ਪ੍ਰਤਿਮਾਨਕ ਸਭਿਆਚਾਰ ਦੇ ਵਿਸ਼ੇਸ਼ ਸੰਦਰਭ ਵਿਚ

ਰਵਿੰਦਰ ਕੌਰ

## 1. ਮੁਖਬੰਧ

ਟੈਬੂ ਪ੍ਰਤਿਮਾਨਕ ਸਭਿਆਚਾਰ ਦਾ ਇਕ ਮਹੱਤਵਪੂਰਨ ਭਾਗ ਮੰਨਿਆ ਜਾਂਦਾ ਹੈ। ਆਮ ਭਾਸ਼ਾ ਵਿਚ ਗੱਲ ਕਰੀਏ ਤਾਂ ਟੈਬੂ ਕੁਝ ਅਜਿਹੇ ਸਖ਼ਤ ਨਿਯਮਾਂ ਦੀ ਨਿਸ਼ਾਨਦੇਹੀ ਕਰਦਾ ਹੈ, ਜਿਹਨਾਂ ਨੂੰ ਤੋੜਨ ਵਾਲਾ ਵਿਅਕਤੀ ਸਖ਼ਤ ਸਮਾਜਕ ਸਜ਼ਾ ਦਾ ਭਾਗੀ ਬਣਦਾ ਹੈ। ਥੋੜ੍ਹਾ ਹੋਰ ਵਿਸਥਾਰ ਦੇਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਟੈਬੂ ਅਜਿਹੇ ਨਿਯਮਾਂ ਦਾ ਸਮੂਹ ਹੁੰਦਾ ਹੈ ਜੋ ਕਿਸੇ ਸਮਾਜ ਦੁਆਰਾ, ਸਮਾਜਕ ਸੰਤੁਲਨ ਦੇ ਮੱਦੇਨਜ਼ਰ ਬਣਾਏ ਜਾਂਦੇ ਹਨ। ਇਹਨਾਂ ਪਿੱਛੇ ਸਮੂਹਕ-ਸਮਾਜਕ ਹਿੱਤ ਤੇ ਪ੍ਰਵਾਨਗੀ ਕੰਮ ਕਰਦੀ ਹੈ, ਇਸ ਲਈ ਇਹਨਾਂ ਨਿਯਮਾਂ ਦੀ ਪਾਲਣਾ ਕਰਨ ਦੀ ਆਸ ਸਮਾਜ ਦੇ ਹਰ ਵਿਅਕਤੀ ਤੋਂ ਕੀਤੀ ਜਾਂਦੀ ਹੈ ਜੋ ਉਸ ਖ਼ਾਸ ਸਮਾਜ ਨਾਲ ਸੰਬੰਧਿਤ ਹੋਵੇ। ਫਰਾਇਡ ਇਸ ਸੰਬੰਧੀ ਲਿਖਦਾ ਹੈ ਕਿ ਇਹ (ਮਨਾਹੀਆਂ) ਸਦੂਰ ਅਤੀਤ ਦੀ ਪਹਿਲੀ ਪੀੜ੍ਹੀ ਵੱਲੋਂ ਪਿਛਲੀ ਪੀੜ੍ਹੀ ਉੱਪਰ ਸਖ਼ਤੀ ਨਾਲ ਥੋਪੀਆਂ ਗਈਆਂ ਹੋਣਗੀਆਂ।...ਇਹ ਅਜਿਹੀਆਂ ਸਰਗਰਮੀਆਂ ਨਾਲ ਸੰਬੰਧਤ ਹੋਣਗੀਆਂ ਜਿਨ੍ਹਾਂ ਵੱਲ ਲੋਕਾਂ ਦਾ ਜ਼ਬਰਦਸਤ ਝੁਕਾ ਹੋਏਗਾ ਜੋ ਲੰਬੇ ਅਰਸੇ ਤੋਂ ਪੀੜ੍ਹੀ ਦਰ ਪੀੜ੍ਹੀ ਸਮਾਜਕ ਪਰੰਪਰਾ ਦੇ ਰੂਪ ਵਿਚ ਚੱਲੀਆਂ ਆਉਂਦੀਆਂ ਹੋਣਗੀਆਂ।'[1] ਪਰੰਪਰਾ, ਪ੍ਰਵਾਨਗੀ ਅਤੇ ਪਾਲਣਾ ਦੇ ਇਸੇ ਸਮਾਜਕ ਪ੍ਰਵਾਹ ਕਾਰਨ ਟੈਬੂ ਸਮੇਂ ਦੇ ਗੁਜ਼ਰਨ ਨਾਲ ਪਰਪੱਕ ਹੁੰਦੇ ਜਾਂਦੇ ਹਨ।

ਇਸ ਪਰਚੇ ਵਿਚ ਅਸੀਂ ਟੈਬੂ ਦੇ ਪ੍ਰਤਿਮਾਨਕ ਵਰਤਾਰੇ ਦੇ ਆਰੰਭ ਬਾਰੇ ਜਾਣਨ ਉਪਰੰਤ ਟੈਬੂ ਨਾਲ ਸੰਬੰਧਿਤ ਪਰਿਭਾਸ਼ਾਵਾਂ ਦਾ ਵਿਸ਼ਲੇਸ਼ਣ ਕਰਾਂਗੇ। ਇਸਦੇ ਨਾਲ ਹੀ ਇਹ ਸਮਝਣ ਦੀ ਕੋਸ਼ਿਸ਼ ਕਰਾਂਗੇ ਕਿ 'ਟੈਬੂ' ਦੇ ਅਸਲੀ ਅਰਥ ਉਹੀ ਹਨ ਜੋ ਪੰਜਾਬੀ ਜਾਂ ਭਾਰਤੀ ਸਮਾਜਕ-ਸਭਿਆਚਾਰਕ ਮਾਨਸਿਕਤਾ ਦੇ ਆਧਾਰ 'ਤੇ ਲਏ ਜਾਂਦੇ ਹਨ ਜਾਂ ਇਹ ਇਹਨਾਂ ਅਰਥਾਂ ਤੋਂ ਇਲਾਵਾ ਕਿਸੇ ਖ਼ਾਸ ਪ੍ਰਕਾਰ ਦੇ ਅਰਥ ਰੱਖਦਾ ਹੈ। ਅਗਲੇ ਪੱਖ ਵਿਚ ਟੋਟਮ ਦੀ ਉਤਪਤੀ ਤੋਂ ਪਹਿਲਾਂ ਅਤੇ ਟੋਟਮ ਤੋਂ ਬਾਅਦ ਹੋਂਦ ਵਿਚ ਆਏ ਟੈਬੂਆਂ ਬਾਰੇ ਚਰਚਾ ਕਰਾਂਗੇ ਅਤੇ ਅੰਤ ਵਿਚ ਟੈਬੂ ਸ਼ਬਦ ਦੀ ਪੰਜਾਬੀ ਸਾਹਿਤ ਵਿਚ ਪ੍ਰਸਤੁਤ ਵਿਆਖਿਆ ਅਤੇ ਵਿਸ਼ਲੇਸ਼ਣ ਦੀ ਪੜਚੋਲ ਕਰਾਂਗੇ।

---

[1] ਸਿਗਮੰਡ ਫਰਾਇਡ, ਪ੍ਰਮਾਤਮਾ ਦੀ ਉਤਪਤੀ ਤੇ ਇਸ ਭਰਮ ਦਾ ਭਵਿੱਖ , ਹਰਜੀਤ ਸਿੰਘ ਮਾਂਗਟ (ਅਨੁ.), ਪੰਨਾ.28

## 2. ਟੈਬੂ ਦਾ ਸੰਕਲਪ

ਟੈਬੂ ਦਾ ਸਭ ਤੋਂ ਪਹਿਲਾ ਪ੍ਰਮਾਣ ਜੇਮਜ਼ ਕੁੱਕ ਦੇ ਯਾਤਰਾ ਬਿਰਤਾਂਤ ਤੋਂ ਮਿਲਦਾ ਹੈ। ਜੇਮਜ਼ ਕੁੱਕ 'ਪ੍ਰਸ਼ਾਂਤ ਮਹਾਂਸਾਗਰ' ਵੱਲ ਕੀਤੇ ਗਏ ਆਪਣੇ ਤੀਜੇ ਸਫ਼ਰ ਦੌਰਾਨ (ਸਾਥੀਆਂ ਕਲਾਰਕ ਤੇ ਗੌਰ ਨਾਲ, 1776-1780) ਟੈਬੂ ਸ਼ਬਦ ਤੋਂ ਪਰਿਚਿਤ ਹੁੰਦਾ ਹੈ।[2] ਇਹ ਉਹ ਸਮਾਂ ਸੀ ਜਦੋਂ ਉਦਿਯੋਗਿਕ ਕ੍ਰਾਂਤੀ ਤੋਂ ਬਾਅਦ ਵਿਕਾਸ ਦੇ ਰਾਹ ਪਏ ਯੂਰਪੀਨ ਮੁਲਕ ਬਸਤੀਆਂ ਸਥਾਪਤ ਕਰਨ ਦੀ ਦੌੜ ਵਿਚ ਲੱਗੇ ਹੋਣ ਸਦਕਾ ਸਮੁੰਦਰੀ ਰਸਤਿਆਂ ਦਾ ਭ੍ਰਮਣ ਕਰਵਾ ਰਹੇ ਸਨ ਤਾਂ ਜੋ ਦੁਨੀਆਂ ਦੇ ਹੋਰ ਮੁਲਕਾਂ ਨਾਲ ਵਪਾਰ ਦੇ ਨਵੇਂ-ਨਵੇਂ ਰਾਹ ਲੱਭੇ ਜਾ ਸਕਣ ਅਤੇ ਕੱਚੇ ਮਾਲ ਲਈ ਕੁਦਰਤੀ ਸਰੋਤਾਂ ਉੱਤੇ ਕਬਜ਼ਾ ਕੀਤਾ ਜਾ ਸਕੇ। ਅਜਿਹੀਆਂ ਯਾਤਰਾ- ਮੁਹਿੰਮਾਂ ਦੌਰਾਨ ਹੀ ਕੁੱਕ 'ਟੌਂਗਾਟੈਬੂ'[3] ਗਿਆ। ਉਹ ਇਸ ਫੇਰੀ ਦਾ ਜ਼ਿਕਰ ਕਰਦਾ ਲਿਖਦਾ ਹੈ ਕਿ,

> "ਟੌਂਗਾਟੈਬੂ ਬਹੁਤ ਸਾਰੇ ਖੰਡਾਂ ਵਿਚ ਵੰਡਿਆ ਹੋਇਆ ਹੈ।...ਹਰ ਇਕ ਖੰਡ ਦਾ ਆਪਣਾ ਇਕ ਵੱਖਰਾ ਸਰਦਾਰ ਹੈ, ਜੋ ਮਤਭੇਦਾਂ (ਸੰਬੰਧਿਤ ਵਿਅਕਤੀਆਂ ਦੇ) ਦਾ ਫ਼ੈਸਲਾ ਕਰਦਾ ਹੈ ਅਤੇ ਆਪਣੇ ਇਲਾਕੇ ਵਿਚ ਨਿਆਂ ਵੰਡਦਾ ਹੈ।"[4]

ਇਸ ਵਰਣਨ ਤੋਂ ਪਤਾ ਚੱਲਦਾ ਹੈ ਕਿ ਅਜਿਹੇ ਕਬੀਲਾਈ ਸਮਾਜ ਦਾ ਕੇਂਦਰ ਸਰਦਾਰ ਸੀ। ਇਸੇ ਲਈ ਸ਼ਾਇਦ ਉਸਨੇ ਆਪਣੀ ਡਾਇਰੀ ਵਿਚ ਸਰਦਾਰਾਂ ਨਾਲ ਸੰਬੰਧਿਤ ਪਰਹੇਜ਼ਾਂ ਦਾ ਕਾਫ਼ੀ ਜ਼ਿਕਰ ਕੀਤਾ। ਸਰਦਾਰ ਸੰਬੰਧੀ ਇਕ ਹੋਰ ਸਥਿਤੀ ਦਾ ਵਰਣਨ ਕਰਦਾ ਹੋਇਆ ਲਿਖਦਾ ਹੈ ਕਿ 'ਇੱਥੇ ਇਕ ਆਮ ਪ੍ਰਥਾ ਇਹ ਵੀ ਪ੍ਰਚੱਲਿਤ ਹੈ ਕਿ ਜਦੋਂ ਵੀ ਕੋਈ ਸਰਦਾਰ ਬੈਠਦਾ ਹੈ ਭਾਵੇਂ ਇਹ ਉਸਦਾ ਘਰ ਹੋਵੇ ਜਾਂ ਨਾ (ਭਾਵ ਭਾਵੇਂ ਉਹ ਕਿਸੇ ਖੁੱਲ੍ਹੀ ਜਗ੍ਹਾ 'ਤੇ ਬੈਠਾ ਹੋਵੇ), ਸਾਰੇ ਹਾਜ਼ਰ ਲੋਕ ਉਸਦੇ ਸਾਹਮਣੇ ਇਕ ਅਰਧ-ਘੇਰਾ ਬਣਾ ਕੇ ਬੈਠ ਜਾਂਦੇ ਹਨ, (ਅਤੇ) ਹਮੇਸ਼ਾ ਆਪਣੇ ਅਤੇ ਸਰਦਾਰ ਵਿਚਾਲੇ ਦੂਰੀ ਬਣਾ ਕੇ ਰੱਖਣ ਲਈ ਖ਼ਾਲੀ ਥਾਂ ਰੱਖਦੇ ਹਨ।...ਕਿਸੇ ਨੂੰ ਵੀ ਉਸਦੀ ਮਰਜ਼ੀ ਤੋਂ ਬਿਨਾਂ ਉਸਦੇ ਪਿੱਛੇ ਜਾਂ ਉਸਦੇ ਨੇੜੇ ਬੈਠਣ ਦੀ ਇਜਾਜ਼ਤ ਨਹੀਂ।'[5] ਗਹੁ ਕਰਨ ਵਾਲੀ ਗੱਲ ਇਹ ਹੈ ਕਿ ਟੈਬੂ ਸੰਬੰਧੀ ਜੋ ਉਦਾਹਰਨਾਂ (ਲਾਸ਼, ਨਵਜਾਤ ਬੱਚਾ ਆਦਿ) ਫਰੇਜ਼ਰ ਦਿੰਦਾ ਹੈ ਉਹ ਜੇਮਜ਼ ਕੁੱਕ ਨਹੀਂ ਦਿੰਦਾ। ਉਸਦੀ ਵਿਆਖਿਆ ਦਾ ਆਧਾਰ ਕੇਵਲ ਸਰਦਾਰ ਹੀ ਰਹਿੰਦਾ ਹੈ। ਇਸਦੇ ਦੋ ਕਾਰਨ ਹੋ ਸਕਦੇ ਹਨ। ਪਹਿਲਾ ਇਹ ਕਿ ਉਹ ਬਹੁਤ ਘੱਟ ਸਮਾਂ ਟੌਂਗਾ ਟੈਬੂ ਵਿਚ ਰਿਹਾ, ਇਸ ਲਈ ਹੋ ਸਕਦਾ ਹੈ ਕਿ ਉਸਦਾ ਹੋਰਨਾਂ ਰੋਕਾਂ ਉਪਰ ਧਿਆਨ ਨਾ ਗਿਆ ਹੋਵੇ। ਦੂਜਾ ਇਹ ਕਿ ਉਸਦੇ ਰਹਿਣ ਦਾ ਪ੍ਰਬੰਧ ਸਰਦਾਰ ਦੇ ਕੋਲ ਕੀਤਾ ਗਿਆ ਹੋਵੇ। ਇਹ ਵੀ ਹੋ ਸਕਦਾ ਹੈ ਕਿ ਉਸਦੀ ਦ੍ਰਿਸ਼ਟੀ ਕੇਵਲ ਉਹਨਾਂ ਰੋਕਾਂ ਨੂੰ ਹੀ ਵਾਚਣ ਤਕ ਸੀਮਿਤ ਹੋਵੇ, ਜੋ ਸਰਦਾਰ ਤਕ ਸੀਮਿਤ ਸਨ।

ਹੁਣ ਅਸੀਂ ਟੈਬੂ ਸ਼ਬਦ ਦੇ ਨਿਰੁਕਤੀਮੂਲਕ ਅਰਥਾਂ ਨੂੰ ਸਮਝਣ ਦੀ ਕੋਸ਼ਿਸ ਕਰਾਂਗੇ। ਪੰਜਾਬੀ ਵਿੱਚ ਵਰਤਿਆ ਜਾਂਦਾ ਸ਼ਬਦ ਟੈਬੂ ਅਸੀਂ ਅੰਗਰੇਜ਼ੀ ਭਾਸ਼ਾ ਦੇ ਸ਼ਬਦ Taboo ਤੋਂ ਤੱਤਸਮ ਰੂਪ ਵਿੱਚ ਹੀ ਲੈ ਲਿਆ ਹੈ। 'taboo, tongan (austro-nesian ਭਾਸ਼ਾ ਨਾਲ ਸੰਬੰਧਿਤ ਭਾਸ਼ਾ ਜੋ ਪੋਲੀਨੇਸ਼ੀਆ 'ਚ ਬੋਲੀ ਜਾਂਦੀ ਹੈ) ਭਾਸ਼ਾ ਤੋਂ ਆਇਆ ਸ਼ਬਦ ਹੈ, ਜਿਸਦਾ ਅਰਥ ਹੈ; ਧਾਰਮਿਕ ਮਨਾਹੀ ਜਾਂ ਅਟੁੱਟਣਯੋਗ ਨੇਮ। ਭਾਵ ਅਜਿਹੀ ਸਮਾਜਕ ਪਰੰਪਰਾਗਤ ਮਨਾਹੀ, ਜੋ ਵਸਤਾਂ, ਲੋਕਾਂ ਅਤੇ (ਉਹਨਾਂ ਦੁਆਰਾ ਕੀਤੀਆਂ) ਕਿਰਿਆਵਾਂ 'ਤੇ ਲਾਗੂ ਹੁੰਦੀ ਹੈ।'[6] ਇਥੇ ਇਹ ਦੱਸਣਾ ਲਾਜ਼ਮੀ ਹੈ ਕਿ ਟੈਬੂ ਨੂੰ ਟਾਬੂ ਅਤੇ ਟਾਪੂ ਦੋਵਾਂ ਸ਼ਬਦਾਂ ਦੇ ਰੂਪ ਵਿਚ ਵਰਤਿਆ ਜਾਂਦਾ ਹੈ। ਫਰਾਂਜ ਸਟੀਨਰ (Franz Steiner) ਆਪਣੀ ਕਿਤਾਬ 'ਟੈਬੂ' ਵਿਚ ਹੈਂਡੀ (Handy) ਦਾ ਹਵਾਲਾ ਦੇ ਕੇ ਲਿਖਦਾ ਹੈ ਕਿ, 'ਟਾ' ਦਾ ਅਰਥ ਹੈ ਵਜਾਉਣਾ ਅਤੇ 'ਪੂ' ਦਾ ਅਰਥ ਹੈ ਸ਼ੰਖ। ਕਿਉਂਕਿ ਸਰਦਾਰਾਂ ਦੀਆਂ ਘੋਸ਼ਣਾਵਾਂ ਸ਼ੰਖ ਵਜਾਉਣ ਅਤੇ ਢੋਲ ਵਜਾਉਣ ਨਾਲ ਕੀਤੀਆਂ ਜਾਂਦੀਆਂ ਸਨ ਅਤੇ ਇਹ ਘੋਸ਼ਣਾਵਾਂ

---

[2] The voyages of Captian James Cook, William Smith (ED), Vol. 2, Page. 13

[3] ਇਸਦਾ ਵਰਤਮਾਨ ਨਾਂ 'ਰਿਪਬਲਿਕ ਆਫ਼ ਟੌਂਗਾ ਹੈ। ਇਹ ਪੈਸੀਫਿਕ ਸਮੁੰਦਰ ਵਿਚ ਸਥਿਤ 170 ਟਾਪੂਆਂ ਦਾ ਸਮੂਹ ਹੈ।

[4] Tongataboo is divided into many districts;…each of these has it's particular chief, who decides differences and distribute justice with his own district…it's habitants, in common conversation call it the land of chiefs, these chiefs are, by the people, styled lords of the earth, but the sun and the sky. The voyages of Captian James Cook, William Smith (ED), Vol. 2, page. 155

[5] There is a decorum observed in the presence of their principal men, when he sits down, whether it be in house or without, all the attendents seats themselvesat the same time in a semicircle before him; leaving always a convenient space between him and them…neither is anyone allowed to pass or sit behind him nor even near him, without his order or permission' Ibid page. 155

[6] The taboo drives from the Tongan 'tabu' meaning 'sacred' or 'inviolable'. Meaning a social and often social prohibitionput upon certain things, people or acts. Oxford dictionary of Sociology, page. 752

ਜ਼ਿਆਦਾਤਰ ਵਰਜਣਾਵਾਂ ਦੀ ਹੁੰਦੀਆਂ ਸਨ।'[7] ਇਹਨਾਂ ਅਰਥਾਂ ਨੂੰ ਸਪੱਸ਼ਟ ਕਰਨ ਲਈ ਐਡਵਰਡ ਸ਼ਾਰਟਲੈਂਡ (Edward Shortland) ਲਿਖਦਾ ਹੈ ਕਿ, "ਟਾ, ਨਿਸ਼ਾਨੀਬੱਧ ਕਰਨ ਦਾ ਅਤੇ 'ਪੂ' ਡੂੰਘਾਈ ਨਾਲ ਸੋਚਣ ਦਾ ਇਕ ਵਿਸ਼ੇਸ਼ਣ ਹੈ। ਸੋ, ਸੰਯੁਕਤ ਰੂਪ ਵਿਚ ਟਾਪੂ ਸ਼ਬਦ, ਆਪਣੇ ਮੁੱਢਲੇ ਅਰਥਾਂ ਵਿਚ ਕਿਸੇ ਚੀਜ਼ ਨੂੰ ਪੂਰੀ ਤਰ੍ਹਾਂ ਨਾਲ ਨਿਸ਼ਾਨਬੱਧ ਕਰਨ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹੈ। ਅਤੇ (ਇਹ) ਦੁਜੈਲੇ ਪੱਧਰ 'ਤੇ ਧਾਰਮਿਕ ਜਾਂ ਵਰਜਿਤ (ਦੇ ਸੰਕਲਪ) ਨੂੰ ਚਿੰਨ੍ਹਤ ਕਰਦਾ ਹੈ, ਕਿਉਂਕਿ ਪਵਿੱਤਰ ਚੀਜ਼ਾਂ ਅਤੇ ਵਸਤਾਂ ਨੂੰ ਆਮ ਤੌਰ 'ਤੇ ਇਕ ਵਿਸ਼ੇਸ਼ ਢੰਗ ਨਾਲ ਨਿਸ਼ਾਨਬੱਧ ਕੀਤਾ ਜਾਂਦਾ ਸੀ ਤਾਂ ਕਿ ਹਰ ਕੋਈ ਜਾਣ ਸਕੇ ਕਿ ਉਹ ਪਵਿੱਤਰ ਹਨ।"[8] ਪਰ ਇਹਨਾਂ ਪਰਿਭਾਸ਼ਾਵਾਂ ਵਿਚ ਆਇਆ ਧਾਰਮਿਕ ਸੰਕਲਪ ਸ਼ਾਇਦ ਬਾਅਦ ਵਿਚ ਆ ਕੇ ਜੁੜਿਆ ਹੋ ਸਕਦਾ ਹੈ ਕਿਉਂਕਿ ਆਰੰਭਲੇ ਪੜਾਅ ਦੇ ਆਧਾਰ 'ਤੇ ਟੈਬੂ ਨੂੰ ਨਿਰੀ-ਪੁਰੀ ਧਾਰਮਿਕ ਮਨਾਹੀ ਕਹਿਣਾ ਵਧੇਰੇ ਉੱਚਿਤ ਨਹੀਂ ਜਾਪਦਾ ਕਿਉਂਕਿ ਟੈਬੂ ਜਦੋਂ ਆਰੰਭਕ ਪੜਾਅ 'ਤੇ ਲਾਗੂ ਕੀਤਾ ਜਾਂਦਾ ਸੀ ਤਾਂ ਉਸ ਸਮੇਂ ਟੈਬੂ ਨੂੰ ਸਖ਼ਤੀ ਨਾਲ ਲਾਗੂ ਕਰਵਾਉਣ ਦਾ ਆਧਾਰ ਧਰਮ ਨਹੀਂ ਸੀ ਸਗੋਂ ਸਮਾਜਕ ਸਖ਼ਤਾਈ ਸੀ ਤੇ ਇਸਦੀ ਉਲੰਘਣਾ ਦੀ ਸਜ਼ਾ ਦੇਣ ਦਾ ਹੱਕ ਕੇਵਲ ਟੈਬੂ ਵਿਚ ਨਿਹਿਤ ਸ਼ਕਤੀ ਨੂੰ ਮੰਨਿਆ ਜਾਂਦਾ ਸੀ। ਦੇਵੀ-ਦੇਵਤਿਆਂ ਨੂੰ ਨਹੀਂ। ਇਸ ਧਾਰਣਾਂ ਨੂੰ ਵੁੰਟ ਵੱਲੋਂ ਕੀਤੀ ਵਿਆਖਿਆ ਰਾਹੀਂ ਵੀ ਸਪੱਸ਼ਟ ਕੀਤਾ ਜਾ ਸਕਦਾ ਹੈ ਕਿ, "ਇਹ ਸਭ ਤੋਂ ਪੁਰਾਤਨ ਤੇ ਅਲਿਖਤ ਮਨੁੱਖੀ ਸੰਵਿਧਾਨ ਹੈ। ਆਮ ਤੌਰ ਤੇ ਖ਼ਿਆਲ ਕੀਤਾ ਜਾਂਦਾ ਹੈ ਕਿ ਇਹ ਹਰ ਕਿਸਮ ਦੇ ਧਰਮ ਤੋਂ ਪਹਿਲਾਂ ਮੌਜੂਦ ਸਨ।"[9] ਇਸਤੋਂ ਇਲਾਵਾ ਜਿਥੋਂ ਤਕ ਟੈਬੂ ਦੇ ਅਰਥਾਂ ਦੀ ਵਿਆਖਿਆ ਕਰਦਿਆਂ ਸਰਦਾਰਾਂ ਦੀਆਂ ਘੋਸ਼ਣਾਵਾਂ ਨੂੰ ਆਧਾਰ ਬਣਾਇਆ ਗਿਆ ਹੈ, ਇਹ ਵੀ ਪੂਰੀ ਤਰ੍ਹਾਂ ਸਹੀ ਨਹੀਂ ਹੈ ਕਿਉਂਕਿ ਇਹ ਸਮਾਜਕ-ਵਿਧਾਨ ਜਾਂ ਕਬੀਲਾਈ ਪ੍ਰਬੰਧ ਦੁਆਰਾ ਨਿਰਧਾਰਤ ਹਦਾਇਤਾਂ ਸਨ ਜਿਹਨਾਂ ਨੂੰ ਕੇਵਲ ਲਾਗੂ ਕਰਵਾਉਣ ਲਈ ਸਰਦਾਰ ਦਾ ਨਾਮ ਵਰਤਿਆ ਜਾਂਦਾ ਸੀ (ਬਿਲਕੁਲ ਉਸੇ ਤਰ੍ਹਾਂ ਜਿਵੇਂ ਅੱਜ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਨੀਤੀਆਂ ਰਾਸ਼ਟਰਪਤੀ ਦੇ ਨਾਂ ਹੇਠ ਮੁਕੱਰਰ ਕੀਤੀਆਂ ਜਾਂਦੀਆਂ ਹਨ)। ਜੇਕਰ ਅਜਿਹਾ ਨਾ ਹੁੰਦਾ ਤਾਂ ਸਰਦਾਰਾਂ ਉੱਤੇ ਆਰੋਪਿਤ ਨਿਯਮ ਇੰਨੇ ਸਖ਼ਤ ਨਾ ਹੁੰਦੇ। ।

### 3. ਟੈਬੂ ਮਨਾਹੀ ਜਾਂ ਕੁਝ ਹੋਰ

ਹੁਣ ਅਸੀਂ ਫਰਾਇਡ ਅਤੇ ਰੈਡਕਲਿਫ਼ ਬ੍ਰਾਊਨ ਦੇ ਹਵਾਲੇ ਨਾਲ ਇਹ ਸਮਝਣ ਦਾ ਯਤਨ ਕਰਾਂਗੇ ਕਿ ਟੈਬੂ ਨੂੰ ਸਿਰਫ਼ ਮਨਾਹੀ ਦੀ ਸ਼੍ਰੇਣੀ ਵਿਚ ਰੱਖਣਾ ਜਾਇਜ਼ ਹੈ? ਫਰਾਇਡ ਅਨੁਸਾਰ "ਟੈਬੂ ਇਕ ਪੌਲੀਨੀਸ਼ੀਅਨ ਸ਼ਬਦ ਹੈ। ਇਸਦਾ ਹੂ-ਬ-ਹੂ ਸਮਾਨਾਰਥਕ ਸ਼ਬਦ ਲੱਭਣਾ ਮੁਸ਼ਕਲ ਹੈ, ਲਗਭਗ ਅਸੰਭਵ। ਕਿਉਂਕਿ ਇਸ ਨਾਲ ਜੋ ਭਾਵ ਵਿਅਕਤ ਹੁੰਦੇ ਹਨ ਅੱਜ ਉਹ ਸਾਡੀ ਮਾਨਸਿਕਤਾ ਦਾ ਹਿੱਸਾ ਨਹੀਂ ਰਹੇ। (ਇਸ ਸ਼ਬਦ ਸੰਬੰਧੀ ਪੁਰਾਤਨ ਰੋਮਨਾਂ ਕੋਲ (Sacer) ਸੀ। ਏਸੇ ਤਰ੍ਹਾਂ ਯੂਨਾਨੀਆਂ ਕੋਲ (Ayos) ਸੀ। ਯਹੂਦੀਆਂ ਕੋਲ (Kadesh) ਸੀ।...ਇਕ ਪਾਸੇ ਇਸਤੋਂ ਪਵਿੱਤਰਤਾ ਦਾ ਆਭਾਸ ਹੁੰਦਾ ਹੈ ਅਤੇ ਦੂਜੇ ਪਾਸੇ ਖ਼ਤਰਨਾਕ, ਵਰਜਿਤ, ਗੰਦਾ ਤੇ ਮਨਹੂਸ ਵਰਗੇ ਭਾਵਾਂ ਦਾ ਬੋਧ ਹੁੰਦਾ ਹੈ। ਪੌਲੀਨੀਸ਼ੀਆ ਵਿਚ ਟੈਬੂ ਦੇ ਵਿਪਰੀਤ ਅਰਥਾਂ ਲਈ ਸ਼ਬਦ (Noa) ਹੈ ਜਿਸਦਾ ਭਾਵਅਰਥ ਹੈ; ਸੁਲੱਭ ਜਾਂ ਆਮ (Comon)। ਇਸ ਹਿਸਾਬ ਨਾਲ ਟੈਬੂ ਤੋਂ ਇਹ ਭਾਵ ਮਿਲਦਾ ਹੈ ਕਿ 'ਜਿਸ ਤਕ ਰਸਾਈ ਅਸੰਭਵ ਹੋਵੇ'।[10] ਫਰਾਇਡ ਦੀ ਇਹ ਧਾਰਨਾ ਸਪੱਸ਼ਟ ਕਰਦੀ ਹੈ ਕਿ ਟੈਬੂ ਕੇਵਲ ਮਨਾਹੀ ਨਾ ਹੋ ਕੇ ਇਕ ਭਾਵਗਤ ਸੰਕਲਪ ਸੀ ਕਿਉਂਕਿ ਸਾਡੇ ਕੋਲ ਉਹ ਭਾਵ (ਭਾਵਗਤ ਸਾਂਝਦਾਰੀ) ਮੌਜੂਦ ਨਹੀਂ, ਇਸ ਲਈ ਅਸੀਂ ਇਸਨੂੰ ਪੂਰੀ ਤਰ੍ਹਾਂ ਸਮਝਣ ਦੇ ਅਸਮਰੱਥ ਹਾਂ। ਜਿਵੇਂ ਇਸਨੂੰ ਇਕ ਉਦਾਹਰਨ ਰਾਹੀਂ ਦੇਖਿਆ ਜਾ ਸਕਦਾ ਹੈ ਕਿ ਆਰੰਭਕ ਟੈਬੂਆਂ ਵਿਚ ਨਵਜਾਤ ਬੱਚਾ, ਗਰਭਵਤੀ ਔਰਤ ਅਤੇ ਲਾਸ਼ ਟੈਬੂ ਸਨ, ਕਿਉਂਕਿ ਉਹ ਅਜਿਹੀ ਸਥਿਤੀ ਵਿਚ ਸਨ ਜੋ ਵਿਆਪਕ ਜਾਂ ਆਮ ਨਹੀਂ ਹਨ। ਹੁਣ ਬੱਚਾ ਤੇ ਗਰਭਵਤੀ ਔਰਤ ਤਾਂ ਖ਼ੁਸ਼ੀ ਜਾਂ ਪਵਿੱਤਰਤਾ ਦੇ ਪ੍ਰਤੀਕ ਵਜੋਂ ਲਏ ਜਾਂਦੇ ਹਨ ਪਰ ਇਹਨਾਂ ਦੇ ਉਲਟ ਲਾਸ਼ ਸੋਗ ਜਾਂ ਅਪਵਿੱਤਰਤਾ ਦਾ ਪ੍ਰਤੀਕ ਹੈ। ਪਰੰਤੂ ਫਿਰ ਵੀ ਇਹ ਤਿੰਨੇਂ ਟੈਬੂ ਸਨ। ਇਸ ਤਰ੍ਹਾਂ ਇਹ ਕੇਵਲ

---

[7] Handy,"Ta to beat and pu, conch. Why? Because chiefs proclamations were heralded by conch blowing and drum beating, and these proclamations were quite often taboos.
Franz Steiner, Taboo, page. 31

[8] Edward Shortland, "ta, to mark and pu, an adverb of intensity. The compound word tapu, therefore, means no more than 'mark thoroughly' and only came to signify sacred or prohibited in a secondry sense, because sacred things and places were commonly marked in a peculiar manner in order that everyone might know that they were sacred. Franz Steiner, Taboo, page. 32

[9] -ਉਦਰਿਤ-, ਸਿਗਮੰਡ ਫਰਾਇਡ, ਪ੍ਰਮਾਤਮਾ ਦੀ ਉਤਪਤੀ ਤੇ ਇਸ ਭਰਮ ਦਾ ਭਵਿੱਖ , ਹਰਜੀਤ ਸਿੰਘ ਮਾਂਗਟ (ਅਨੁ.), ਪੰਨਾ.20

[10] -ਉਹੀ-,ਪੰਨਾ.20

ਮਨਾਹੀ ਅਧੀਨ ਨਹੀਂ ਆਉਂਦੇ। ਸਗੋਂ ਉਪਾਅ ਜਾਂ ਪਰਹੇਜ ਦੀ ਸ਼੍ਰੇਣੀ ਵਿਚ ਵੀ ਆਉਂਦੇ ਹਨ।

ਰੈਡਕਲਿਫ਼ ਬ੍ਰਾਊਨ ਲਿਖਦਾ ਹੈ ਕਿ 'ਪੋਲੀਨੀਸ਼ੀਅਨ ਭਾਸ਼ਾ ਵਿਚ ਟਾਬੂ ਦੇ ਵਧੇਰੇ ਵਿਸ਼ਾਲ ਅਰਥ ਲਏ ਜਾਂਦੇ ਹਨ। ਇਸਦੇ ਸਾਡੀ ਆਪਣੀ ਬੋਲੀ ਦੇ ਸ਼ਬਦ 'forbidden' ਦੇ ਸਮਾਨ ਹੀ ਅਰਥ ਲਏ ਜਾਂਦੇ ਹਨ। ...ਤੁਸੀਂ ਸ਼ਾਇਦ ਵੇਖਿਆ ਹੋਵੇਗਾ ਕਿ ਮੈਂ ਟੈਬੂ ਸ਼ਬਦ ਦੀ ਵਰਤੋਂ ਅੰਗਰੇਜ਼ੀ ਸ਼ਬਦ ਜੋੜਾਂ ਅਤੇ ਉਚਾਰਣ ਨਾਲ ਉਹਨਾਂ ਅਰਥਾਂ ਵਿਚ ਹੀ ਕੀਤੀ ਹੈ ਜੋ ਅਰਥ ਮਾਨਵ ਵਿਗਿਆਨੀਆਂ ਨੇ ਲਏ ਹਨ...ਪਰੰਤੂ ਇਹ ਪੂਰੀ ਤਰ੍ਹਾਂ ਸੰਤੋਸ਼ਜਨਕ ਨਹੀਂ ਹੈ।[11] ਪੰਜਾਬੀ ਜਾਂ ਭਾਰਤੀ ਸੰਸਕ੍ਰਿਤੀ ਵਿਚ ਵੀ ਇਸ ਸ਼ਬਦ ਲਈ ਕੋਈ ਬਦਲ ਨਹੀਂ ਹੈ, ਜਿਸ ਕਾਰਨ ਇਸ ਸ਼ਬਦ ਤੋਂ ਉਤਪੰਨ ਭਾਵ ਮੂਲ ਰੂਪ ਵਿਚ ਸਾਡੀ ਮਾਨਸਿਕਤਾ ਦਾ ਹਿੱਸਾ ਨਹੀਂ ਹਨ। ਇਸੇ ਸਦਕਾ ਟੈਬੂ ਪੰਜਾਬੀ ਵਿਚ ਕੇਵਲ ਸਖ਼ਤ ਮਨਾਹੀ ਦੀ ਨਿਸ਼ਾਨਦੇਹੀ ਕਰਨ ਤੱਕ ਹੀ ਸੀਮਿਤ ਹੈ। ਉਹ ਸਹੀ ਰੂਪ ਵਿਚ ਵੇਖਿਆ ਜਾਵੇ ਤਾਂ ਸਗੋਤਰੀ ਸੰਭੋਗ ਜਾਂ ਕੁਝ ਖਣ ਸੰਬੰਧੀ ਮਨਾਹੀਆਂ ਵਿਚ ਹੀ ਨਜ਼ਰ ਆਉਂਦੀ ਹੈ।

ਇਹਨਾਂ ਵਿਆਖਿਆਵਾਂ ਤੋਂ ਇਲਾਵਾ ਟੈਬੂ ਦੇ ਮੰਤਵਾਂ ਤੋਂ ਵੀ ਸਪੱਸ਼ਟ ਨਜ਼ਰ ਆਉਂਦਾ ਹੈ ਕਿ ਇਹ ਕੇਵਲ ਮਨਾਹੀ ਨਾ ਰਹਿ ਕੇ ਵਿਅਕਤੀਗਤ ਅਤੇ ਸਮਾਜਕ ਸੁਰੱਖਿਆ ਲਈ ਪਰਹੇਜ਼ ਦੇ ਰੂਪ ਵਿਚ ਕਾਰਜਸ਼ੀਲ ਹੁੰਦੇ ਹਨ।

**4. ਟੈਬੂ ਦੇ ਮੰਤਵ**:

ਫਰਾਇਡ ਟੈਬੂ ਦੇ ਹੇਠ ਲਿਖੇ ਮੰਤਵਾਂ ਦਾ ਜ਼ਿਕਰ ਕਰਦਾ ਹੈ:-

1. 'ਮਹੱਤਵਪੂਰਨ ਵਿਅਕਤੀਆਂ, ਸਰਦਾਰਾਂ ਜਾਂ ਧਾਰਮਿਕ ਮੁਖੀਆਂ ਦੀ ਸੁਰੱਖਿਆ।
2. ਸਰਦਾਰਾਂ ਤੇ ਪੁਜਾਰੀਆਂ ਦੇ ਸ਼ਕਤੀਸ਼ਾਲੀ ਮਨ ਦੇ ਜਾਦੂਈ ਪ੍ਰਭਾਵਾਂ ਤੋਂ ਕਮਜ਼ੋਰ ਵਰਗਾਂ ਜਿਵੇਂ ਔਰਤਾਂ ਤੇ ਬੱਚਿਆਂ ਦੀ ਰੱਖਿਆ।
3. ਲਾਸ਼ਾਂ ਨੂੰ ਠਿਕਾਣੇ ਲਾਉਂਦਿਆਂ ਲੱਗੀ ਭਿਟ ਜਾਂ ਕਿਸੇ ਖ਼ੁਰਾਕ ਦੇ ਭੈੜੇ ਅਸਰ ਤੋਂ ਰੱਖਿਆ।
4. ਜੀਵਨ ਦੇ ਸਭ ਜ਼ਰੂਰੀ ਕਰਮਾਂ ਜਨਮ, ਵਿਆਹ ਤੇ ਕਾਮੁਕ ਸਰਗਰਮੀ ਦੀ ਕਿਸੇ ਵਿਘਨ ਤੋਂ ਰੱਖਿਆ।
5. ਦੇਵਤਿਆਂ ਤੇ ਰੂਹਾਂ ਦੇ ਪਰਕੋਪ ਤੋਂ ਮਨੁੱਖਾਂ ਦੀ ਰੱਖਿਆ।
6. ਬੱਚਿਆਂ ਦੀ ਸੁਰੱਖਿਅਤ ਪੈਦਾਇਸ਼ ਤੇ ਨਿਰਵਿਘਨ ਪਰਵਰਿਸ਼ ਨੂੰ ਯਕੀਨੀ ਬਣਾਉਣਾ।
7. ਲੋਕਾਂ ਦੀ ਜਾਇਦਾਦ, ਫ਼ਸਲਾਂ ਤੇ ਸੰਦ ਸਾਧਨਾਂ ਦੀ ਚੋਰੀ ਤੋਂ ਹਿਫ਼ਾਜ਼ਤ ਕਰਨਾ।'[12]

**5. ਟੈਬੂ ਦੀ ਸਜ਼ਾ**

ਟੈਬੂ ਨੂੰ ਤੋੜਨਾ ਅੱਜ ਜਿੰਨਾ ਕਠਿਨ ਜਾਪਦਾ ਹੈ, ਓਨਾ ਸ਼ਾਇਦ ਪੁਰਾਣੇ ਸਮਿਆਂ ਵਿਚ ਨਹੀਂ ਸੀ। ਇਸੇ ਲਈ ਸ਼ਾਇਦ ਟੈਬੂ ਦੀ ਉਲੰਘਣਾ ਕਰਨ ਵਾਲਿਆ ਲਈ ਵੱਖ-ਵੱਖ ਸਜ਼ਾਵਾਂ ਨਿਸ਼ਚਿਤ ਕੀਤੀਆਂ ਜਾਂਦੀਆਂ ਸਨ, ਜਿਹਨਾਂ ਤੋਂ ਪਤਾ ਚੱਲਦਾ ਹੈ ਕਿ ਉਸ ਸਮੇਂ ਟੈਬੂ ਇੰਨੇ ਸਖ਼ਤ ਨਹੀਂ ਰਹੇ ਹੋਣਗੇ। ਪਰ ਫਿਰ ਵੀ ਸਮਾਜ ਵਲੋਂ ਇਹਨਾਂ ਦੀ ਪਾਲਣਾ ਕਰਵਾਉਣ ਦਾ ਪੂਰਾ ਯਤਨ ਕੀਤਾ ਜਾਂਦਾ ਸੀ, ਜਿਸ ਸਦਕਾ ਟੈਬੂ ਨੂੰ ਤੋੜਨ ਵਾਲਾ ਵਿਅਕਤੀ ਖ਼ੁਦ ਟੈਬੂ ਬਣ ਜਾਂਦਾ ਸੀ ਅਤੇ ਸਮਾਜ ਦੇ ਬਾਕੀ ਲੋਕਾਂ ਦਾ ਉਸ ਕੋਲ ਜਾਣਾ ਜਾਂ ਉਸ ਨਾਲ ਵਰਤੋਂ-ਵਿਹਾਰ ਰੱਖਣਾ ਵਰਜਿਤ ਕਰ ਦਿਤਾ ਜਾਂਦਾ ਸੀ। ਇਸ ਸੰਬੰਧੀ ਫਰਾਇਡ ਦਾ ਤਰਕ ਹੈ ਕਿ 'ਟੈਬੂ ਦਾ ਉਲੰਘਣ ਖ਼ੁਦ ਉਲੰਘਣ ਕਰਨ ਵਾਲੇ ਨੂੰ ਹੀ ਟੈਬੂ ਬਣਾ ਦਿੰਦਾ ਹੈ ਤੇ ਫਿਰ ਇਹ ਪਾਪ ਦੀ ਮੁਆਫ਼ੀ ਕੇਵਲ ਪ੍ਰਾਸ਼ਚਿਤ ਤੇ ਸ਼ੁੱਧੀਕਰਨ ਨਾਲ ਹੀ ਮਿਲਦੀ ਹੈ।'[13] ਰੈਡਕਲਿਫ਼ ਬਰਾਊਨ (Redcliffe Brown) ਇਸ ਸੰਬੰਧੀ ਲਿਖਦਾ ਹੈ ਕਿ ਅਜਿਹਾ ਟੈਬੂ ਬਣਿਆ ਵਿਅਕਤੀ ਸ਼ੁੱਧੀ ਸੰਸਕਾਰ ਤੋਂ ਬਾਅਦ ਹੀ ਆਪਣੀ ਸਾਧਾਰਨ ਅਵਸਥਾ ਵਿਚ ਮੁੜ ਸਕਦਾ ਸੀ। ਅਜਿਹੇ ਵਿਅਕਤੀ ਨੂੰ ਫਿਰ ਨੋਆ (Noa) ਆਖਿਆ ਜਾਂਦਾ ਸੀ।[14]

ਜਿਥੋਂ ਤਕ ਟੈਬੂ ਦੁਆਰਾ ਨਿਰਧਾਰਿਤ ਸਜ਼ਾਵਾਂ ਦਾ ਸਵਾਲ ਹੈ ਤਾਂ ਆਰੰਭਲੇ ਪੜਾਅ 'ਤੇ, 'ਟੈਬੂ ਦੀ ਉਲੰਘਣਾ ਦੀ ਸਜ਼ਾ ਖ਼ੁਦ ਟੈਬੂ ਉਪਰ ਹੀ ਛੱਡ ਦਿੱਤੀ ਜਾਂਦੀ ਸੀ ਕਿ ਉਹ ਆਪੇ ਆਪਣੀ ਅੰਦਰੂਨੀ ਸਵੈ-ਚਲਿਤ ਸ਼ਕਤੀ ਨਾਲ ਬਦਲਾ ਲਏਗਾ। ਪਰੰਤੂ ਜਦੋਂ ਦੇਵਤਿਆਂ ਤੇ ਪ੍ਰਮਾਤਮਾ ਦੇ ਸੰਕਲਪ ਹੋਂਦ ਵਿਚ ਆਏ ਤਾਂ ਟੈਬੂ ਇਨ੍ਹਾਂ ਨਾਲ ਸੰਬੰਧਿਤ ਹੋ ਗਏ ਤੇ ਉਲੰਘਣਾ ਕਰਨ ਦੀ

[11] ਏ.ਆਰ. ਰੈਡਕਲਿਫ਼ ਬ੍ਰਾਊਨ, ਪ੍ਰਾਚੀਨ ਸਮਾਜ ਬਣਤਰ ਤੇ ਕਿਰਿਆ, ਬਲਦੇਵ ਸਿੰਘ.ਰਹਿਲ (ਅਨੁ.), ਪੰਨਾ. 138

[12] ਸਿਗਮੰਡ ਫਰਾਇਡ, ਪ੍ਰਮਾਤਮਾ ਦੀ ਉਤਪਤੀ ਤੇ ਇਸ ਭਰਮ ਦਾ ਭਵਿੱਖ, ਹਰਜੀਤ ਸਿੰਘ ਮਾਂਗਟ (ਅਨੁ.), ਪੰਨਾ.20-21

[13] ਸਿਗਮੰਡ ਫਰਾਇਡ, ਪ੍ਰਮਾਤਮਾ ਦੀ ਉਤਪਤੀ ਤੇ ਇਸ ਭਰਮ ਦਾ ਭਵਿੱਖ , ਹਰਜੀਤ ਸਿੰਘ ਮਾਂਗਟ (ਅਨੁ.), ਪੰਨਾ.21

[14] ਏ.ਆਰ. ਰੈਡਕਲਿਫ਼ ਬ੍ਰਾਊਨ, ਪ੍ਰਾਚੀਨ ਸਮਾਜ ਬਣਤਰ ਤੇ ਕਿਰਿਆ, ਬਲਦੇਵ ਸਿੰਘ ਰਹਿਲ. (ਅਨੁ.), ਪੰਨਾ. 140

ਸਜ਼ਾ ਦੇਣ ਦੀ ਜ਼ਿੰਮੇਵਾਰੀ ਖ਼ੁਦ-ਬ-ਖ਼ੁਦ ਦੈਵੀ ਸ਼ਕਤੀਆਂ ਵਿਚ ਹਸਤਾਂਤਰਿਤ ਹੋ ਗਈ। ਡੀ.ਐੱਨ. ਮਜੂਮਦਾਰ ਇਸ ਸੰਬੰਧੀ ਲਿਖਦਾ ਹੈ ਕਿ 'ਜੇ ਅਸੀਂ ਇਹਨਾਂ ਮਨਾਹੀਆਂ ਅਤੇ ਸਾਮਾਜਿਕ ਰੂੜ੍ਹੀਆਂ ਦੇ ਪਿੱਛੇ ਪ੍ਰਵਾਨਗੀ ਦੀ ਖੋਜ ਕਰੀਏ ਤਾਂ ਅਸੀਂ ਇਹ ਵੇਖਦੇ ਹਾਂ ਕਿ ਇਹ (ਪ੍ਰਵਾਨਗੀ) ਕਿਵੇਂ ਮਨਾਹੀ ਤੋਂ, ਜਿਸ ਵਿਚ ਕਿ ਇਸਦੀ ਉਲੰਘਣਾ ਕਰਨ ਤੇ ਬਦਲਾ ਲੈਣ ਦੀ ਸ਼ਕਤੀ ਮੂਲ ਰੂਪ ਵਿਚ ਨਿਹਿਤ ਸੀ, ਦੇਵਤਿਆਂ ਤੇ ਰੂਹਾਂ ਵਿਚ ਚਲੀ ਗਈ ਅਤੇ ਇਥੋਂ ਇਹ ਸਾਮਾਜਿਕ ਪਰਾਧਿਕਾਰੀ, ਕਬੀਲੇ ਦੇ ਬਜ਼ੁਰਗਾਂ ਜਾਂ ਪਿੰਡ ਦੀ ਪੰਚਾਇਤ ਵਿਚ ਚਲੀ ਗਈ।"[15]

ਅਗਲੇ ਪੜਾਅ 'ਤੇ ਜਾ ਕੇ ਇਹ ਜ਼ਿੰਮੇਵਾਰੀ ਸਮਾਜ ਨੇ ਖ਼ੁਦ ਆਪਣੇ ਹੱਥਾਂ ਵਿਚ ਲੈ ਲਈ।'[16] ਇਹ ਸਜ਼ਾਵਾਂ ਵੀ ਸਮਾਜ ਦੁਆਰਾ ਕੇਵਲ ਉਹਨਾਂ ਵਰਜਣਾਵਾਂ ਲਈ ਦਿਤੀਆਂ ਜਾਂਦੀਆਂ ਸਨ ਜੋ ਸਮਾਜ ਨਾਲ ਸਿਧੇ ਤੌਰ 'ਤੇ ਸੰਬੰਧਿਤ ਸਨ। ਜਿਵੇਂ ਫਰਾਇਡ ਲਿਖਦਾ ਹੈ ਕਿ, 'ਇਸ ਸਗੋਤਰੀ ਸੰਭੋਗ ਵਰਜਣਾ (ਇਨਸੈਸਟ ਟੈਬੂ) ਮਨਾਹੀ ਦੇ ਦੋਸ਼ੀਆਂ ਨੂੰ ਕਿਸੇ ਹੋਰ ਮਨਾਹੀ ਦੇ ਉਲੰਘਣ ਦੇ ਦੋਸ਼ੀਆਂ ਵਾਂਗ ਸਧਾਰਨ ਦੋਸ਼ੀ ਸਮਝ ਕੇ ਨਜ਼ਰ ਅੰਦਾਜ਼ ਨਹੀਂ ਕੀਤਾ ਜਾਂਦਾ ਜਿਵੇਂ ਟੋਟਮ ਵਾਲੇ ਜਾਨਵਰ ਨੂੰ ਮਾਰਨ ਦੀ ਮਨਾਹੀ ਵਾਲਿਆਂ ਨੂੰ ਕੁਦਰਤੀ ਸਜ਼ਾ ਮਿਲਣ ਦੇ ਭਾਗੀ ਸਮਝ ਕੇ ਉਨ੍ਹਾਂ ਦੇ ਹਾਲ ਤੇ ਛੱਡ ਦਿਤਾ ਜਾਂਦਾ ਹੈ, ਬਲਕਿ ਸਾਰਾ ਕੋੜਮਾਂ ਜਾਂ ਗਣ ਬੜੇ ਜੋਸ਼ ਨਾਲ ਇਸ ਗੁਨਾਹ ਦਾ ਬਦਲਾ ਲੈਂਦਾ ਹੈ ਜਿਵੇਂ ਸਾਰੇ ਕੋੜਮੇ ਉਪਰ ਇਸ ਕਲੰਕ ਦੇ ਦੋਸ਼ ਨਾਲ ਕੋਈ ਖ਼ਤਰਾ ਮੰਡਰਾਣ ਲੱਗ ਗਿਆ ਹੋਵੇ ਤੇ ਇਸ ਤੋਂ ਕੋੜਮੇ ਨੂੰ ਮੁਕਤ ਕਰਨਾ ਸਭ ਦਾ ਫ਼ਰਜ਼ ਹੋਵੇ।'[17] ਇਸੇ ਤਰ੍ਹਾਂ ਦੀ ਉਦਾਹਰਣ ਫਰੇਜ਼ਰ ਦਿੰਦਾ ਹੈ, "ਆਸਟਰੇਲੀਆ ਦੇ ਕਬੀਲਿਆਂ ਵਿਚ ਵਰਜਿਤ ਗਣ (ਜਿਸ ਨਾਲ ਟੋਟਮੀ ਸਾਂਝ ਕਰਕੇ ਸੰਭੋਗ ਨਾ ਕੀਤਾ ਜਾ ਸਕਦਾ ਹੋਵੇ) ਦੀ ਕਿਸੇ ਔਰਤ ਨਾਲ ਕਾਮ-ਸੰਬੰਧਾਂ ਦੀ ਸਜ਼ਾ ਮੌਤ ਸੀ। ...ਜੇ ਉਸ ਦੇ ਗਣ ਵਿਚ ਵਿਆਹ ਦੀ ਮਨਾਹੀ ਦਾ ਕੋਈ ਉਲੰਘਣ ਕਰਦਾ ਹੈ ਤਾਂ ਜੋੜੀ ਦਾ ਜਾਨਵਰ ਵਾਂਗ ਪਿੱਛਾ ਕੀਤਾ ਜਾਂਦਾ ਹੈ ਤੇ ਦੇਖਦੇ ਸਾਰ ਮਾਰ ਕੇ ਪਾਰ ਬੁਲਾ ਦਿੱਤਾ ਜਾਂਦਾ ਹੈ।"[18] ਐਸ. ਸੀ ਰਾਇ ਨੇ ਲਿਖਿਆ ਹੈ ਕਿ "ਬੜੀ ਗੰਭੀਰ ਮਨਾਹੀ ਦੀ ਉਲੰਘਣਾ ਕਰਨ ਵਾਲੇ ਨੂੰ, ਜਿਵੇਂ ਇਕ ਖਾਰੀਆ ਅਤੇ ਗੈਰ-ਖਾਰੀਆ ਵਿਚਕਾਰ ਲਿੰਗੀ ਸੰਬੰਧ ਬਾਰੇ, ਵਿਆਹ ਸੰਬੰਧੀ ਜਾਂ ਆਪਣੀ ਸ਼੍ਰੇਣੀ ਵਿਚ ਜਾਂ ਪਿੰਡ ਵਿਚ ਨਾਜਾਇਜ਼ ਲਿੰਗੀ ਸੰਬੰਧਾਂ ਬਾਰੇ ਮਨਾਹੀਆਂ ਦੀ ਜਾਣ-ਬੁੱਝ ਕੇ ਜਾਂ ਇਤਫ਼ਾਕੀਆ ਉਲੰਘਣਾ ਕਰਨ ਤੇ...ਪਹਿਲੀ ਵਾਰੀ ਹੀ ਉਸ ਨੂੰ ਪੰਚਾਇਤ ਵੱਲੋਂ ਬਰਾਦਰੀ ਵਿਚੋਂ ਛੇਕ ਦੇਣ ਦੀ ਸਜ਼ਾ ਦਿਤੀ ਜਾਂਦੀ ਹੈ।"[19] ਇਹ ਬਿਲਕੁਲ ਉਸੇ ਤਰ੍ਹਾਂ ਹੈ ਜਿਵੇਂ ਪੰਜਾਬੀ ਸਮਾਜ ਵਿਚ ਪਿੰਡ ਦੇ ਮੁੰਡੇ-ਕੁੜੀ ਦਾ ਆਪਸੀ ਵਿਆਹ ਵਰਜਿਤ ਹੋਣ ਕਾਰਨ ਜੇ ਕੋਈ ਮੁੰਡਾ ਕੁੜੀ ਵਿਆਹ ਕਰਵਾ ਲੈਂਦੇ ਹਨ ਤਾਂ ਉਹਨਾਂ ਨੂੰ ਵਿਆਹ ਤੋਂ ਬਾਅਦ ਪਿੰਡ ਵਿਚ ਰਹਿਣ ਦੀ ਆਗਿਆ ਨਹੀਂ ਮਿਲਦੀ। ਇਸੇ ਤਰ੍ਹਾਂ ਸਰਦਾਰ ਵੀ ਭਾਵੇਂ ਅਜਿਹੇ ਕਬੀਲਿਆਂ ਵਿਚ ਬਹੁਤ ਉਚੀ ਪਦਵੀ ਦੇ ਧਾਰਨੀ ਸਨ ਪਰੰਤੂ ਜੇਕਰ ਉਹ ਵੀ ਕੋਈ ਉਲੰਘਣਾ ਕਰਦੇ ਸਨ ਤਾਂ ਉਹਨਾਂ ਨੂੰ ਆਮ ਜਨਤਾ ਵੱਲੋਂ ਸਜ਼ਾ ਦਿਤੀ ਜਾਂਦੀ ਸੀ। ਸੋ ਅਸੀਂ ਕਹਿ ਸਕਦੇ ਹਾਂ ਕਿ ਟੈਬੂ ਦਾ ਮਨੋਰਥ ਜਦੋਂ ਸਿਧੇ ਤੌਰ 'ਤੇ ਸਮਾਜਕ ਹਿਤ ਨਾਲ ਜੁੜ ਜਾਂਦਾ ਹੈ ਤਾਂ ਸਮਾਜ ਇਸਦੀ ਉਲੰਘਣਾ ਦੀ ਸਜ਼ਾ ਨਿਰਧਾਰਿਤ ਕਰਨ ਪ੍ਰਤੀ ਅਗਰਸਰ ਹੋ ਜਾਂਦਾ ਹੈ।

### 6. ਟੋਟਮ ਤੋਂ ਪਹਿਲਾਂ ਮੌਜੂਦ ਟੈਬੂ

ਟੋਟਮ ਦੀ ਉਪਜ ਤੋਂ ਪਹਿਲਾਂ ਵੀ ਸਮਾਜਕ ਤੌਰ 'ਤੇ ਸਰਦਾਰ, ਲਾਸ਼, ਗਰਭਵਤੀ ਔਰਤ, ਨਵਜਾਤ ਬੱਚੇ ਆਦਿ ਨਾਲ ਸੰਬੰਧਿਤ ਕੁਝ ਟੈਬੂ ਮੌਜੂਦ ਸਨ। ਇਸ ਲਈ ਟੈਬੂਆਂ ਨੂੰ ਕੇਵਲ ਟੋਟਮੀ ਆਧਾਰ 'ਤੇ ਵਰਗੀਕ੍ਰਿਤ ਕਰਨਾ ਵਧੇਰੇ ਜਾਇਜ਼ ਨਹੀਂ ਹੈ। ਇਸਨੂੰ ਅਸੀਂ ਰੈਡਕਲਿਫ਼ ਬਰਾਊਨ ਦੇ ਹਵਾਲੇ ਨਾਲ ਸਪੱਸ਼ਟ ਕਰ ਸਕਦੇ ਹਾਂ। ਹਾਂ ਉਹ ਲਿਖਦਾ ਹੈ ਕਿ 'ਪੋਲੀਨੀਸ਼ੀਆ ਵਿਚ ਆਰੰਭਕ ਮਲਾਹਾਂ ਨੇ ਇਸ ਸ਼ਬਦ ਨੂੰ ਵਿਸ਼ੇਸ਼ ਪ੍ਰਕਾਰ ਦੀਆਂ ਵਰਜਣਾਵਾਂ ਨੂੰ ਪ੍ਰਗਟ ਕਰਨ ਲਈ ਅਪਣਾਇਆ ਸੀ, ਜਿਸ ਦੀ ਇਕ ਉਦਾਹਰਣ ਦੁਆਰਾ ਵਿਆਖਿਆ ਕੀਤੀ ਜਾ ਸਕਦੀ ਹੈ। ਕੁਝ ਕੁ ਵਸਤਾਂ ਜਿਵੇਂ ਨਵਜਾਤ ਬਾਲਕ, ਮ੍ਰਿਤਕ ਸਰੀਰ ਜਾਂ ਸਰਦਾਰ ਨੂੰ ਵਿਅਕਤੀ ਦੇ ਤੌਰ ਤੇ ਟੈਬੂ ਖਿਆਲ ਕੀਤਾ ਜਾਂਦਾ ਹੈ। ਇਸਦਾ ਭਾਵ ਹੈ

[15] ਡੀ.ਐਨ. ਮਜੂਮਦਾਰ, ਭਾਰਤੀ ਸੰਸਕ੍ਰਿਤੀਆਂ ਅਤੇ ਜਾਤੀਆਂ, ਬਲਦੇਵ ਸਿੰਘ(ਅਨੁ.),ਪੰਨਾ.408

[16] ਸਿਗਮੰਡ ਫਰਾਇਡ, ਪ੍ਰਮਾਤਮਾ ਦੀ ਉਤਪਤੀ ਤੇ ਇਸ ਭਰਮ ਦਾ ਭਵਿੱਖ,ਹਰਜੀਤ ਸਿੰਘ ਮਾਂਗਟ (ਅਨੁ.), ਪੰਨਾ.21

[17] ਸਿਗਮੰਡ ਫਰਾਇਡ, ਪ੍ਰਮਾਤਮਾ ਦੀ ਉਤਪਤੀ ਤੇ ਇਸ ਭਰਮ ਦਾ ਭਵਿੱਖ, ਹਰਜੀਤ ਸਿੰਘ ਮਾਂਗਟ (ਅਨੁ.), ਪੰਨਾ.11-12

[18] ਸਰ ਜੇਮਜ਼ ਜਾਰਜ ਫਰੇਜ਼ਰ, ਸੁਨਹਿਰੀ ਟਾਹਣੀ, ਕੇ. ਐਲ. ਗਰਗ (ਅਨੁ.), ਜਿਲਦ ਪਹਿਲੀ, ਪੰਨਾ. 308

[19] S.C Roy, R.M. Roy, The Kharias, vol. 1, page 221

ਜਿਥੋਂ ਤਕ ਵੀ ਸੰਭਵ ਹੋ ਸਕੇ ਵਿਅਕਤੀ ਨੂੰ ਇਹਨਾਂ ਨੂੰ ਛੂਹਣ ਤੋਂ ਸੰਕੋਚ ਕਰਨਾ ਚਾਹੀਦਾ ਹੈ।'[20] ਹੁਣ ਅਸੀਂ ਟੋਟਮ ਤੋਂ ਪਹਿਲਾਂ ਮੌਜੂਦ ਟੈਬੂਆਂ ਦਾ ਜ਼ਿਕਰ ਕਰਾਂਗੇ।

### 6.1 ਸਰਦਾਰਾਂ ਨਾਲ ਸੰਬੰਧਿਤ ਟੈਬੂ

ਸਰਦਾਰਾਂ ਬਾਰੇ ਅਸੀਂ ਸਰਸਰੀ ਚਰਚਾ ਉਪਰ ਵੀ ਕਰ ਆਏ ਹਾਂ। ਸਰਦਾਰ ਦੀ ਪਦਵੀ ਲਈ ਨਿਰਧਾਰਤ ਖੁੱਲਾਂ ਜਾਂ ਮਨਾਹੀਆਂ ਨੂੰ ਦੋ ਤਰ੍ਹਾਂ ਵੰਡ ਕੇ ਵੇਖਿਆ ਜਾ ਸਕਦਾ ਹੈ। ਇਕ ਜਦੋਂ ਸਰਦਾਰ ਨਾਲ ਸੰਬੰਧਿਤ ਮਨਾਹੀਆਂ ਸਰਦਾਰਾਂ ਦੀ ਸੁਰੱਖਿਆ ਲਈ ਲੋਕਾਂ ਉਤੇ ਲਾਗੂ ਹੁੰਦੀਆਂ ਹਨ। ਦੂਜਾ ਜਦੋਂ ਇਹ ਮਨਾਹੀਆਂ ਕਬੀਲੇ ਦੇ ਹਿੱਤ ਲਈ 'ਸਰਦਾਰ' ਉਤੇ ਲਾਗੂ ਹੁੰਦੀਆਂ ਹਨ। ਇਹਨਾਂ ਮਨਾਹੀਆਂ ਜਾਂ ਨਿਯਮਾਂ ਦੀ ਉਲੰਘਣਾ ਕਰਨ ਲਈ ਸਰਦਾਰ ਅਤੇ ਕਬੀਲੇ ਦੇ ਲੋਕਾਂ ਲਈ ਬਹੁਤ ਸਖ਼ਤ ਸਜ਼ਾਵਾਂ ਨਿਸ਼ਚਿਤ ਕੀਤੀਆਂ ਜਾਂਦੀਆਂ ਸਨ। ਸਗੋਂ, ਸਰਦਾਰ ਜਦੋਂ ਕੋਈ ਉਲੰਘਣਾ ਕਰਦਾ ਸੀ ਤਾਂ ਉਸਨੂੰ ਕਬੀਲੇ ਦੇ ਭਲੇ ਹਿੱਤ ਮੌਤ ਤੱਕ ਦੀ ਸਜ਼ਾ ਮੁਕੱਰਰ ਕਰ ਦਿਤੀ ਜਾਂਦੀ ਸੀ ਜਦੋਂ ਕਿ ਆਮ ਲੋਕਾਂ ਵਿਚੋਂ ਜੇ ਕੋਈ ਸਰਦਾਰ ਨਾਲ ਸੰਬੰਧਿਤ ਮਨਾਹੀ ਦੀ ਉਲੰਘਣਾ ਕਰਦਾ ਤਾਂ ਉਸਨੂੰ ਬਰਾਦਰੀ 'ਚੋਂ ਛੇਕਣਾ ਹੀ ਅੰਤਿਮ ਸਜ਼ਾ ਹੁੰਦੀ ਸੀ। ਇਹ ਸਜ਼ਾ ਮੌਤ ਵਿਚ ਤਬਦੀਲ ਨਹੀਂ ਸੀ ਕੀਤੀ ਜਾਂਦੀ।

ਪਹਿਲੀ ਤਰ੍ਹਾਂ ਦੀਆਂ ਮਨਾਹੀਆਂ ਦਾ ਜ਼ਿਕਰ ਫਰਾਇਡ ਕਰਦਾ ਹੈ। ਉਸ ਅਨੁਸਾਰ "ਆਦਿਵਾਸੀਆਂ ਦਾ ਆਪਣੇ ਸਰਦਾਰਾਂ, ਬਾਦਸ਼ਾਹ ਤੇ ਧਾਰਿਮਕ ਮੁਖੀਆਂ ਪ੍ਰਤੀ ਰਵੱਈਆ ਇਕ ਦੂਜੇ ਦੇ ਪੂਰਕ ਸਿਧਾਂਤਾਂ 'ਤੇ ਅਧਾਰਤ ਹੈ। ਹਾਕਮਾਂ ਨੂੰ ਲੋਕਾਂ ਤੋਂ ਸੁਰੱਖਿਅਤ ਰੱਖਣਾ ਤੇ ਲੋਕਾਂ ਨੂੰ ਹਾਕਮਾਂ ਤੋਂ ਸੁਰੱਖਿਅਤ ਰੱਖਣਾ।"[21] "ਜਨਤਾ ਲਈ ਬਾਦਸ਼ਾਹ ਦੀ ਮਹੱਤਤਾ ਵਧੇਰੇ ਹੋਣ ਕਰਕੇ ਉਸਨੂੰ ਕਿਸੇ ਵੀ ਕਿਸਮ ਦੇ ਖ਼ਤਰੇ ਤੋਂ ਸੁਰੱਖਿਆਤ ਰੱਖਣ ਦੀ ਲੋੜ ਸੀ। ਉਹ ਸਮਾਜਕ ਵਿਵਸਥਾ ਦਾ ਪ੍ਰਤੀਕ ਸੀ। ਉਸਨੂੰ ਨੁਕਸਾਨ ਪੁਚਾਣ ਦਾ ਅਰਥ ਸੀ ਸਾਰੀ ਵਿਵਸਥਾ ਨੂੰ ਤਹਿਸ ਨਹਿਸ ਕਰਨਾ"।[22] ਡੀ.ਐਨ. ਮਜ਼ੂਮਦਾਰ ਅਨੁਸਾਰ, "ਜਦੋਂ ਕਬੀਲੇ ਦੇ ਸਰਦਾਰ 'ਤੇ ਮਨਾਹੀ ਲਾਗੂ ਹੁੰਦੀ ਹੈ, ਜਿਵੇਂ ਕੋਈ ਮਨੁੱਖ ਉਸਨੂੰ ਛੂਹ ਨਹੀਂ ਸਕਦਾ ਜਾਂ ਉਸਦੇ ਸੰਪਰਕ ਵਿਚ ਆਉਣ 'ਤੇ ਮਨਾਹੀ ਲਾਈ ਜਾਂਦੀ ਹੈ ਤਾਂ ਇਸ ਤਰ੍ਹਾਂ ਕਰਨ ਨਾਲ ਇਸ ਮਨਾਹੀ ਦੁਆਰਾ ਉਸ ਸਰਦਾਰ ਦੀ ਕਿਸੇ ਪ੍ਰਕਾਰ ਦਾ ਜਾਤੀ ਨੁਕਸਾਨ ਜਾਂ ਸੱਟ ਆਦਿ ਲੱਗਣ ਤੋਂ ਰੱਖਿਆ ਕੀਤੀ ਜਾਂਦੀ ਹੈ।"[23] ਇਸਤੋਂ ਇਲਾਵਾ 'ਸਰਦਾਰਾਂ ਦੀ ਜਾਇਦਾਦ ਵੀ ਇਸ ਵਿਚ ਪ੍ਰਮੁੱਖ ਭੂਮਿਕਾ ਨਿਭਾਉਂਦੀ ਹੈ। ਕਿਉਂਕਿ ' ਬਾਦਸ਼ਾਹ ਜਾਂ ਸਰਦਾਰ ਜੋ ਸੁੱਖ ਸਹੂਲਤਾਂ ਮਾਣਦਾ ਹੈ, ਉਹ ਦੂਜਿਆਂ ਵਿਚ ਈਰਖਾ ਪੈਦਾ ਕਰਦੀਆਂ ਹਨ। ਹਰ ਕੋਈ ਬਾਦਸ਼ਾਹ ਬਣਨਾ ਚਾਹੁੰਦਾ ਹੈ।'[24] ਵੁੰਟ ਅਨੁਸਾਰ, "ਮਨੁੱਖ ਆਪਣੇ ਆਪ ਵਿਚ ਟੈਬੂ ਦੀ ਪ੍ਰਥਮ ਇਕਾਈ ਹੈ, ਹਰ ਮਨੁੱਖ ਨਹੀਂ, ਪਰ ਕੁਝ ਸ੍ਰੇਸ਼ਠ ਲੋਕ, ਪੁਜਾਰੀ ਅਤੇ ਸਰਦਾਰ।...ਇਸ ਤਰ੍ਹਾਂ ਉਚ-ਜਮਾਤ ਨੀਵੀਂ ਜਮਾਤ ਲਈ ਟੈਬੂ ਬਣ ਜਾਂਦੀ ਹੈ।...ਸਰਦਾਰ ਦੀ ਜਾਇਦਾਦ ਹਰ ਵਿਅਕਤੀ ਲਈ ਟੈਬੂ ਹੈ।'[25] 'ਪੁਜਾਰੀ ਤੇ ਸਰਦਾਰ ਆਪਣੇ ਨਿਜੀ ਜੀਵਨ ਤੇ ਆਪਣੀ ਜਾਇਦਾਦ ਦੀ ਸੁਰੱਖਿਆ ਲਈ ਇਸਦੀ ਵਰਤੋਂ ਕਰਦੇ ਆਏ ਹਨ।'[26] ਇਸ ਤਰਾਂ ਸਰਦਾਰ ਦੀ ਆਮ ਲੋਕਾਂ ਤੋਂ ਹਰ ਪ੍ਰਕਾਰ ਦੀ ਸੁਰੱਖਿਆ ਲਈ ਇਹ ਨਿਯਮ ਬਣਾਏ ਜਾਪਦੇ ਹਨ।

ਇਸਦੇ ਅਧੀਨ ਹੀ ਅਗਲਾ ਪੱਖ ਉਹਨਾਂ ਪਾਬੰਦੀਆਂ ਦਾ ਹੈ, ਜੋ ਸਰਦਾਰ ਉਤੇ ਸਮਾਜਕ ਕਲਿਆਣ ਹਿਤ ਲਗਾਈਆਂ ਜਾਂਦੀਆਂ ਸਨ। ਇਹਨਾਂ ਪਾਬੰਦੀਆਂ ਨੂੰ ਤੋੜਨਾ ਸਰਦਾਰ ਲਈ ਵੀ ਓਨਾ ਹੀ ਨੁਕਸਾਨਦੇਹ ਹੁੰਦਾ ਸੀ ਜਿੰਨਾ ਕਿ ਆਮ ਜਨਤਾ ਲਈ। ਫਰੇਜ਼ਰ ਦਾ ਹਵਾਲਾ ਵੀ ਇਸ ਧਾਰਨਾ ਨੂੰ ਸਪੱਸ਼ਟ ਕਰਦਾ ਹੈ ਕਿ 'ਪਹਿਲੇ ਦੌਰ ਦੀਆਂ ਬਾਦਸ਼ਾਹੀਆਂ ਬਾਰੇ ਇਹ ਧਾਰਨਾ ਬਿਲਕੁਲ ਗਲਤ ਹੈ ਕਿ ਉਹ ਪੂਰੀ ਤਰ੍ਹਾਂ ਨਿਰੰਕੁਸ਼ ਰਾਜ ਸਨ। ਇਸਦੇ ਉਲਟ ਹਕੀਕਤ ਇਹ ਸੀ ਕਿ ਰਾਜਾ ਆਪਣੀ ਪਰਜਾ

[20] ਏ.ਆਰ. ਰੈਡਕਲਿਫ਼ ਬ੍ਰਾਊਨ, ਪ੍ਰਾਚੀਨ ਸਮਾਜ ਬਣਤਰ ਤੇ ਕਿਰਿਆ, ਬਲਦੇਵ ਸਿੰਘ ਰਹਿਲ(ਅਨੁ.), ਪੰਨਾ. 137

[21] ਸਿਗਮੰਡ ਫਰਾਇਡ, ਪ੍ਰਮਾਤਮਾ ਦੀ ਉਤਪਤੀ ਤੇ ਇਸ ਭਰਮ ਦਾ ਭਵਿੱਖ, ਹਰਜੀਤ ਸਿੰਘ ਮਾਂਗਟ (ਅਨੁ.), ਪੰਨਾ.36

[22] -ਉਹੀ-, ਪੰਨਾ.37-38

[23] ਡੀ.ਐਨ. ਮਜ਼ੂਮਦਾਰ, ਭਾਰਤੀ ਸੰਸਕ੍ਰਿਤੀਆਂ ਅਤੇ ਜਾਤੀਆਂ, ਬਲਦੇਵ ਸਿੰਘ (ਅਨੁ.), ਪੰਨਾ.403

[24] ਸਿਗਮੰਡ ਫਰਾਇਡ, ਪ੍ਰਮਾਤਮਾ ਦੀ ਉਤਪਤੀ ਤੇ ਇਸ ਭਰਮ ਦਾ ਭਵਿੱਖ, ਹਰਜੀਤ ਸਿੰਘ ਮਾਂਗਟ (ਅਨੁ.), ਪੰਨਾ.29

[25] Man himself is the primary object of taboo, not ever individualbut the priviledged ones, the superiors, the priest, the chieftain. Closely related to the fact that man is thus held taboo, is the development of chieftainship and gradual growth of class difference…the property of the nobleman is taboo to every other man." Wilhelm wundt, elements of folk psychology, Edwar leroy schaob (ed), the macmillan company, New York, 1921 page.194

[26] ਸਿਗਮੰਡ ਫਰਾਇਡ, ਪ੍ਰਮਾਤਮਾ ਦੀ ਉਤਪਤੀ ਤੇ ਇਸ ਭਰਮ ਦਾ ਭਵਿੱਖ, ਹਰਜੀਤ ਸਿੰਘ ਮਾਂਗਟ (ਅਨੁ.), ਪੰਨਾ.32

ਦੇ ਹਿਤ ਲਈ ਜਿਉਂਦਾ ਸੀ। ਜਿਉਂ ਹੀ ਉਹ ਕੁਤਾਹੀ ਕਰਦਾ ਸੀ ਤਾਂ ਉਹ ਲੋਕਾਂ ਦਾ ਵਿਸ਼ਵਾਸ ਖੋ ਬਹਿੰਦਾ ਸੀ...ਤੇ ਉਹ ਉਸਨੂੰ ਬੇਇਜ਼ਤ ਕਰਕੇ ਗੱਦੀ ਤੋਂ ਲਾਹ ਦਿੰਦੇ ਸਨ।'[27] ਇੰਨੀਆਂ ਸਖ਼ਤ ਪਾਬੰਦੀਆਂ (ਜਿਵੇਂ ਧਰਤੀ 'ਤੇ ਪੈਰ ਨਾ ਰੱਖਣਾ, ਆਪਣੇ ਹੱਥਾਂ ਨਾਲ ਖਾਣਾ ਨਾ ਖਾਣਾ, ਨਹੁੰ ਜਾਂ ਵਾਲ ਨਾ ਕੱਟਣਾ, ਖ਼ੁਦ ਨਹਾਉਣ ਤੋਂ ਪਰਹੇਜ ਕਰਨਾ) ਸਦਕਾ ਹੀ ਲੋਕ ਸਰਦਾਰ ਦੀ ਪਦਵੀ ਲੈਣ ਤੋਂ ਭੱਜਣ ਲੱਗੇ, ਜਿਸ ਕਾਰਨ 'ਪੱਛਮੀ ਅਫ਼ਰੀਕਾ ਦੇ ਕੁਝ ਹਿਸਿਆਂ ਵਿਚ ਬਾਦਸ਼ਾਹ ਦੇ ਮਰਨ ਤੋਂ ਬਾਦ ਕਬੀਲੇ ਦੀ ਕੌਂਸਿਲ ਚੁਪ-ਚਾਪ ਇਕੱਤਰਤਾ ਕਰਕੇ ਬਾਦਸ਼ਾਹ ਦਾ ਵਾਰਸ ਨਾਮਜ਼ਦ ਕਰਨ ਬਾਦ ਉਸਨੂੰ ਅਚਾਨਕ ਫੜ ਕੇ ਬੰਦ ਕਰ ਦਿੰਦੀ ਸੀ। ਓਨੀ ਦੇਰ ਉਹ ਕੈਦ ਰਹਿੰਦਾ ਸੀ ਜਿੰਨੀ ਦੇ ਤਕ ਉਹ ਬਾਦਸ਼ਾਹ ਬਣਨਾ ਮਨਜ਼ੂਰ ਨਹੀਂ ਸੀ ਕਰ ਲੈਂਦਾ।'[28]

ਜ਼ਿਆਦਾਤਰ ਕਬੀਲਿਆਂ ਦੇ ਆਮ ਲੋਕ ਉਪਰੋਕਤ ਮਨਾਹੀਆਂ ਅਤੇ ਸਜ਼ਾ ਦੇ ਡਰੋਂ ਹੀ ਸਰਦਾਰ ਦੀ ਪਦਵੀ ਲੈਣ ਤੋਂ ਮਨ੍ਹਾਂ ਕਰਨ ਲੱਗੇ। ਇਹਨਾਂ ਮਨਾਹੀਆਂ ਵਿਚ ਅਸੀਂ ਜਪਾਨ ਦੇ ਬਾਦਸ਼ਾਹ ਮਿਕਾਡੋ ਦੀ ਉਦਾਹਰਨ ਲੈ ਸਕਦੇ ਹਾਂ। ਜਿਸ ਅਨੁਸਾਰ ਉਸਦੇ ਸਰੀਰ ਦਾ ਅੰਗ ਅੰਗ ਇਸ ਹੱਦ ਤੱਕ ਪਵਿੱਤਰ ਸੀ ਕਿ ਉਹ ਆਪਣੇ ਵਾਲ ਤਾਂ ਕੀ ਨਹੁੰ ਤਕ ਨਹੀਂ ਸੀ ਕੱਟ ਸਕਦਾ। ਉਸਦੇ ਸਰੀਰ ਦੀ ਸਫ਼ਾਈ ਉਸ ਵੇਲੇ ਕੀਤੀ ਜਾਂਦੀ ਸੀ ਜਦ ਉਹ ਸੌਂ ਜਾਂਦਾ।...ਉਸਨੂੰ ਹਰ ਰੋਜ਼ ਸਵੇਰੇ ਕੁਝ ਘੰਟੇ ਸ਼ਾਹੀ ਤਾਜ ਪਹਿਨ ਕੇ ਬਿਨਾਂ ਹਿਲੇ-ਜੁੱਲੇ ਇਕ ਬੁੱਤ ਵਾਂਗ ਤਖ਼ਤ 'ਤੇ ਬਹਿਣਾ ਪੈਂਦਾ ਸੀ।...ਜੇ ਉਹ ਬਦਕਿਸਮਤੀ ਨਾਲ ਇਸ ਮਰਿਯਾਦਾ ਦੀ ਉਲੰਘਣਾ ਕਰ ਦਿੰਦਾ ਤਾਂ ਇਸਨੂੰ ਰਾਜ ਉਤੇ ਕੋਈ ਨਾ ਕੋਈ ਵੱਡੀ ਮੁਸੀਬਤ ਟੁੱਟ ਪੈਣ ਦਾ ਸੰਕੇਤ ਮੰਨ ਲਿਆ ਜਾਂਦਾ।'[29] ਅਜਿਹੀ ਉਲੰਘਣਾ ਦਾ ਨਤੀਜਾ ਦੇਸ਼ ਨਕਿਾਲਾ ਜਾਂ ਮੌਤ ਹੁੰਦਾ। । ਜਿਸ ਸਦਕਾ ਇਕ ਸਮਾਂ ਅਜਿਹਾ ਆਇਆ ਕਿ ਕਬੀਲੇ ਦਾ ਕੋਈ ਵੀ ਵਿਅਕਤੀ ਕਬੀਲੇ ਦਾ ਸਰਦਾਰ ਬਣਨ ਨੂੰ ਤਿਆਰ ਨਾ ਹੁੰਦਾ। ਅਜਿਹੇ ਸਮੇਂ ਦੌਰਾਨ ਬਾਹਰੋਂ ਆਏ ਕਿਸੇ ਵਿਅਕਤੀ ਨੂੰ ਕਬੀਲੇ ਦਾ ਸਰਦਾਰ ਬਣਾ ਲਿਆ ਜਾਂਦਾ ਸੀ। ਪੰਜਾਬੀ ਲੋਕ ਕਹਾਣੀਆਂ ਵਿਚ ਅਜਿਹਾ ਜ਼ਿਕਰ ਬਹੁਤ ਵਾਰ ਮਿਲਦਾ ਹੈ ਜਦੋਂ ਕੋਈ ਓਪਰਾ ਵਿਅਕਤੀ ਕਿਸੇ ਰਾਜ-ਪ੍ਰਬੰਧ ਦਾ ਰਾਜਾ ਬਣਾ ਦਿਤਾ ਜਾਂਦਾ ਹੈ। ਇਸਦੀ ਇਕ ਉਦਾਹਰਨ 'ਰੂਪ-ਬਸੰਤ' ਦੀ ਕਥਾ ਦੇ ਬਿਰਤਾਂਤ ਵਿਚ ਵੀ ਦੇਖੀ ਜਾ ਸਕਦੀ ਹੈ।

### 6.2 ਲਾਸ਼ ਜਾਂ ਮ੍ਰਿਤਕ ਵਿਅਕਤੀ ਸੰਬੰਧੀ ਟੈਬੂ:-

ਲਾਸ਼ ਜਾਂ ਮ੍ਰਿਤਕ ਵਿਅਕਤੀ ਨਾਲ ਸੰਬੰਧਿਤ ਬਹੁਤ ਸਾਰੇ ਟੈਬੂ ਪ੍ਰਾਪਤ ਹੁੰਦੇ ਹਨ। ਇਨ੍ਹਾਂ ਟੈਬੂਆਂ ਵਿਚੋਂ ਪ੍ਰਮੁੱਖ ਹਨ; ਲਾਸ਼ ਨੂੰ ਛੂਹਣ ਵਾਲੇ ਵਿਅਕਤੀ ਦਾ ਖ਼ੁਦ ਟੈਬੂ ਬਣ ਜਾਣਾ ਅਤੇ ਜਿਸ ਪਰਿਵਾਰ ਵਿਚ ਵਿਅਕਤੀ ਦੀ ਮੌਤ ਹੁੰਦੀ ਸੀ, ਉਹ ਪਰਿਵਾਰ ਕੁਝ ਦਿਨਾਂ ਲਈ ਟੈਬੂ ਬਣ ਜਾਂਦਾ ਸੀ। ਇਸੇ ਤਰ੍ਹਾਂ ਮ੍ਰਿਤਕ ਵਿਅਕਤੀ ਦੇ ਨੇੜਲੇ ਰਿਸ਼ਤੇ ਜਿਵੇਂ ਪੁੱਤਰ (ਕਿਉਂਕਿ ਉਹ ਮ੍ਰਿਤਕ ਦੀਆਂ ਅੰਤਿਮ ਰਸਮਾਂ ਕਰਦਾ ਸੀ), ਪਤਨੀ ਜਾਂ ਪਤੀ (ਕਿਉਂਕਿ ਉਸਦਾ ਸਮਾਜਕ ਰੁਤਬਾ ਇਸ ਮੌਤ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੁੰਦਾ ਹੈ) ਆਦਿ ਵੀ ਟੈਬੂ ਦੀ ਸ਼੍ਰੇਣੀ ਵਿਚ ਗਿਣੇ ਜਾਂਦੇ ਸਨ। ਪਰ ਇਹਨਾਂ ਵਿਚ ਮੁਖ ਤੌਰ 'ਤੇ ਦੋ ਪੱਖ ਹੀ ਵਿਸ਼ਲੇਸ਼ਣ ਦਾ ਆਧਾਰ ਬਣਦੇ ਹਨ। ਇਕ ਤਾਂ ਇਹ ਕਿ ਅਜਿਹੇ ਸਮਾਜ ਵਿਚ ਸਮਾਜਕ ਵਰਗ ਵੰਡ ਦਾ ਆਧਾਰ ਲਾਸ਼ ਨੂੰ ਬਣਾਇਆ ਜਾਂਦਾ ਸੀ। 'ਲਗਭਗ ਹਰ ਕਬੀਲੇ ਵਿਚ ਇਕ ਅੱਧ ਵਿਅਕਤੀ ਖ਼ਾਸ ਤੌਰ 'ਤੇ ਇਹ ‘ਨੀਚ’ ਕੰਮ ਕਰਨ ਲਈ ਤੈਅ ਕੀਤਾ ਹੁੰਦਾ ਹੈ। ਜੋ ਸਮਾਜਕ ਦਰਜਾਬੰਦੀ ਦੇ ਹਿਸਾਬ ਨਾਲ ਸਭ ਤੋਂ ਹੇਠਲੇ ਡੰਡੇ 'ਤੇ ਖੜ੍ਹਾ ਹੁੰਦਾ ਹੈ।'[30] ਦੂਜਾ ਪੱਖ ਖ਼ਾਸ ਤੌਰ 'ਤੇ ਮ੍ਰਿਤਕ ਦੀ ਪਤਨੀ ਨਾਲ ਸੰਬੰਧਿਤ ਹੈ। ਪੂਰਬ-ਦੱਖਣ ਏਸ਼ੀਆ ਵਿਚ ਇਕ ਦੂਜੇ ਦੇ ਨੇੜੇ ਸਥਿਤ ਫਿਲਪਾਈਨੀ ਦੀਪ ਦੇ ਪਲਾਵਨ ਕਬੀਲਿਆਂ ਅਤੇ ਨਿਊ ਗਿਨੀ ਦੇ ਕਬੀਲਿਆਂ ਵਿਚ ਵਿਧਵਾ ਔਰਤ ਨੂੰ ਸਮਾਜ ਵਿਚੋਂ ਕੱਢ ਦਤਾ ਜਾਂਦਾ ਸੀ। ਉਸਨੂੰ ਸਾਰੇ ਨਾਗਰਿਕ ਹੱਕਾਂ ਵਿਚੋਂ ਵੰਚਿਤ ਕਰ ਦਿਤਾ ਜਾਂਦਾ ਸੀ। ਉਸ ਔਰਤ ਦਾ ਕਬੀਲੇ ਦੇ ਕਿਸੇ ਵੀ ਵਿਅਕਤੀ ਦੇ ਮੱਥੇ ਲੱਗਣਾ ਟੈਬੂ ਸੀ। ਫਰਾਇਡ ਇਸਦਾ ਆਧਾਰ ਇਸ ਧਾਰਨਾ ਨੂੰ ਬਣਾਉਂਦਾ ਹੈ ਕਿ 'ਇਹ ਸਭ ਉਹਨਾਂ ਦੀ ਕਾਮ ਪ੍ਰਵਿਰਤੀ ਨੂੰ ਕੰਟ੍ਰੋਲ ਕਰਨ ਲਈ ਉਠਾਏ ਕਦਮ ਹਨ।'[31] ਇਹਨਾਂ ਕਬੀਲਿਆਂ ਵਿਚ ਵਿਧਵਾ ਔਰਤ ਦੇ ਪੁਨਰ-ਵਿਆਹ ਕਰਨ ਦੀ

[27] ਸਰ ਜੇਮਜ਼ ਜਾਰਜ ਫਰੇਜ਼ਰ, ਸੁਨਹਿਰੀ ਟਾਹਣੀ, ਕੇ. ਐਲ. ਗਰਗ (ਅਨੁ.), ਜਿਲਦ ਪਹਿਲੀ, ਪੰਨਾ. 264

[28] ਸਿਗਮੰਡ ਫਰਾਇਡ, ਪ੍ਰਮਾਤਮਾ ਦੀ ਉਤਪਤੀ ਤੇ ਇਸ ਭਰਮ ਦਾ ਭਵਿੱਖ, ਹਰਜੀਤ ਸਿੰਘ ਮਾਂਗਟ (ਅਨੁ.), ਉਹੀ, ਪੰਨਾ. 41

[29] -ਉਹੀ-, ਪੰਨਾ.39

[30] -ਉਹੀ-, ਪੰਨਾ. 44

[31] ਸਿਗਮੰਡ ਫਰਾਇਡ, ਪ੍ਰਮਾਤਮਾ ਦੀ ਉਤਪਤੀ ਤੇ ਇਸ ਭਰਮ ਦਾ ਭਵਿੱਖ, ਹਰਜੀਤ ਸਿੰਘ ਮਾਂਗਟ (ਅਨੁ.), ਪੰਨਾ. 45

ਕੋਈ ਥਾਂ ਨਹੀਂ ਸੀ। ਇੰਝ ਜਾਪਦਾ ਹੈ ਸ਼ਾਇਦ ਇਸੇ ਲਈ ਵਿਧਵਾ ਔਰਤ ਇੱਕ ਟੈਬੂ ਸੀ।

ਇਹਨਾਂ ਟੈਬੂਆਂ ਤੋਂ ਇਲਾਵਾ ਮ੍ਰਿਤਕ ਦਾ ਨਾਂ ਬਦਲੀ ਕਰਨਾ, ਦੁਸ਼ਮਣਾਂ ਦੀ ਮੌਤ ਨਾਲ ਸੰਬੰਧਿਤ ਟੈਬੂ, ਮਾਹਵਾਰੀ ਅਤੇ ਗਰਭ ਅਵਸਥਾ ਨਾਲ ਸੰਬੰਧਿਤ ਟੈਬੂ, ਆਦਿ ਵੀ ਟੋਟਮ ਤੋਂ ਪਹਿਲਾਂ ਮੌਜੂਦ ਟੈਬੂ ਸਨ। ਇਹਨਾਂ ਸਭਨਾਂ ਨਾਲ ਕਈ ਤਰ੍ਹਾਂ ਦੇ ਪਰਹੇਜ ਤਾਂ ਜੁੜੇ ਹੋਏ ਹਨ ਪਰ ਇਹਨਾਂ ਪਿਛੇ ਕੰਮ ਕਰਦਾ ਕੋਈ ਖ਼ਾਸ ਤਰ੍ਹਾਂ ਦਾ ਤਰਕ ਨਹੀਂ ਮਿਲਦਾ। ਸੋ ਇਹਨਾਂ ਬਾਰੇ ਅਸੀਂ ਜ਼ਿਆਦਾ ਵਿਸ਼ਲੇਸ਼ਣ ਨਹੀਂ ਕਰਾਂਗੇ।

## 7. ਟੈਬੂ ਅਤੇ ਟੋਟਮ

ਟੋਟਮ ਦਾ ਹੋਂਦ ਵਿਚ ਆਉਣਾ ਟੈਬੂ ਨੂੰ ਜਾਨਵਰਾਂ, ਪੌਦਿਆਂ ਅਤੇ ਮਾਨਵੀ ਰਿਸ਼ਤਿਆਂ ਵੱਲ ਮੋੜ ਦਿੰਦਾ ਹੈ। ਇਸ ਨਾਲ ਟੈਬੂ ਦੀ ਲਗਭਗ ਸਾਰੀ ਪ੍ਰਕਿਰਿਆ ਬਦਲ ਜਾਂਦੀ ਹੈ। ਟੋਟਮ ਦੀ ਉਤਪਤੀ ਨਾਲ ਟੈਬੂ ਦਾ ਆਧਾਰ ਟੋਟਮੀ ਜਾਨਵਰ ਦੀ ਰੱਖਿਆ ਅਤੇ ਖ਼ੂਨ ਦੇ ਰਿਸ਼ਤਿਆਂ ਵਿਚ ਕਾਮ ਸੰਬੰਧਾਂ ਨੂੰ ਨਿਰਧਾਰਤ ਕਰਨਾ ਬਣ ਜਾਂਦਾ ਹੈ। ਜਿਵੇਂ ਟੋਟਮ ਬਾਰੇ ਏ.ਸੀ ਹਡਨ ਲਿਖਦਾ ਹੈ ਕਿ "ਸਾਰੇ ਪ੍ਰਾਚੀਨ ਸਮੂਹ ਮੂਲ ਰੂਪ ਵਿਚ ਕਿਸੇ ਵਿਸ਼ੇਸ਼ ਜਾਨਵਰ ਜਾਂ ਪੌਦਾ ਜਾਤੀ ਤੇ ਹੀ ਨਿਰਬਾਹ ਕਰਦੇ ਸਨ ਅਤੇ ਖ਼ੁਰਾਕ ਪ੍ਰਾਪਤੀ ਲਈ ਇਸਦਾ ਹੀ ਵਪਾਰ ਕਰਦੇ ਸਨ ਅਤੇ ਹੋਰ ਕਬੀਲਿਆਂ ਨਾਲ ਇਸਦਾ ਵਟਾਂਦਰਾ ਵੀ ਕਰ ਲੈਂਦੇ ਸਨ। ਸਮਾਂ ਪੈਣ 'ਤੇ ਇਹ ਹੋਰਾਂ ਕਬੀਲਿਆਂ ਵਿਚ ਉਨ੍ਹਾਂ ਜਾਨਵਰਾਂ ਜਾਂ ਪੌਦਿਆਂ ਦੇ ਨਾਵਾਂ ਨਾਲ ਜਾਣੇ ਜਾਣ ਲੱਗੇ।[32] ਇਹਨਾਂ ਟੋਟਮੀ ਜਾਨਵਰਾਂ ਨੂੰ ਮਾਰਨਾ ਅਤੇ ਸਾਂਝੇ ਟੋਟਮ ਵਾਲੇ ਔਰਤਾਂ ਮਰਦਾਂ ਦਾ ਆਪਸ ਵਿਚ ਸਰੀਰਕ ਸੰਬੰਧ ਬਣਾਉਣਾ ਟੈਬੂ ਮੰਨਿਆ ਜਾਣ ਲੱਗਾ। ਪਾਦਰੀ ਐਲ. ਫਿਜਨ, ਅਨੁਸਾਰ, ਟੋਟਮ ਦੀ ਉਤਪਤੀ ਤੋਂ ਪਹਿਲਾਂ "(ਗਰੁੱਪ ਵਿਆਹ ਸੰਸਥਾ ਵਿਚ) ਕੁਝ ਖ਼ਾਸ ਗਿਣਤੀ ਵਿਚ ਆਦਮੀ ਤੇ ਔਰਤਾਂ ਆਪਸ ਵਿਚ ਸਮੂਹਕ ਵਿਆਹ ਕਰ ਲੈਂਦੇ ਹਨ। ਸਾਰੇ ਆਪਸ ਵਿਚ ਪਤੀ -ਪਤਨੀ ਵਾਲਾ ਇਕੋ ਜਿਹਾ ਸੰਬੰਧ ਰੱਖਦੇ ਹਨ। ਉਨ੍ਹਾਂ ਦੇ ਸਾਰੇ ਬੱਚੇ ਸਭ ਦੇ ਸਾਂਝੇ ਬੱਚੇ ਮੰਨੇ ਜਾਂਦੇ ਹਨ ਤੇ ਉਹ ਬਿਲਕੁਲ ਜਾਇਜ਼ ਤੌਰ ਤੇ ਆਪਸ ਵਿਚ ਭੈਣ ਭਰਾ ਸਮਝੇ ਜਾਂਦੇ ਹਨ।'[33] 'ਗਰੁੱਪ ਵਿਆਹਾਂ ਨਾਲ ਰਲਗੱਡ ਹੋਏ ਖ਼ੂਨ ਦੇ ਰਿਸ਼ਤਿਆਂ ਵਿਚ ਦੂਰ ਨੇੜੇ ਦਾ ਫ਼ਰਕ ਕਰਨਾ ਸੰਭਵ ਨਹੀਂ ਸੀ। ਇਸ ਲਈ ਟੋਟਮ ਅੰਦਰ ਵਿਆਹ ਦੀ ਪੂਰਨ ਮਨਾਹੀ ਤੋਂ ਬਿਨਾਂ ਪ੍ਰਸਪਰ ਜਿਣਸੀ ਸੰਬੰਧ ਰੋਕੇ ਨਹੀਂ ਸਨ ਜਾ ਸਕਦੇ।...ਇਸ ਵਿਵਸਥਾ ਦਾ ਆਰੰਭ ਕਦੋਂ ਹੋਇਆ ਕੋਈ ਨਹੀਂ ਜਾਣਦਾ। ਪਰ ਇਸ ਉੱਪਰ ਅਮਲ ਨੂੰ ਯਕੀਨੀ ਬਣਾਣ ਲਈ ਕਾਇਦੇ ਸਦਾ ਸਖ਼ਤ ਰਹੇ ਹਨ।'[34] ਇਸਤੋਂ ਸਪੱਸ਼ਟ ਹੁੰਦਾ ਹੈ ਕਿ ਵਰਤਮਾਨ ਇਕ ਪਤੀ ਪਤਨੀ ਵਾਲੇ ਵਿਆਹਾਂ ਤੋਂ ਪਹਿਲਾਂ ਇਨ੍ਹਾਂ ਲੋਕਾਂ ਵਿਚ ਗਰੁੱਪ ਵਿਆਹ ਦੀ ਪ੍ਰਥਾ ਪ੍ਰਚਲਤ ਰਹੀ ਹੈ, ਜਿਸਦੀ ਰਹਿੰਦ-ਖੂੰਹਦ ਉਨ੍ਹਾਂ ਦੀਆਂ ਰਸਮਾਂ ਤੇ ਭਾਸ਼ਾ ਵਿਚ ਅਜੇ ਵੀ ਮੌਜੂਦ ਹੈ। ਇਸੇ ਗਰੁੱਪ ਵਿਆਹ ਵਾਲੀ ਅਵਸਥਾ ਤੋਂ ਬਾਅਦ ਸਗੋਤਰ-ਕਾਮੁਕ ਵਰਜਣਾ ਜਾਂ ਇਨਸੈਸਟ ਟੈਬੂ ਹੋਂਦ ਵਿਚ ਆਇਆ।

## 8. ਟੋਟਮੀ ਜਾਨਵਰ

ਫਰੇਜ਼ਰ ਅਨੁਸਾਰ, "ਟੋਟਮ ਪਦਾਰਥਕ ਵਸਤਾਂ ਦਾ ਅਜਿਹਾ ਵਰਗ ਹੈ ਜਿਸ ਬਾਰੇ ਆਦਿਵਾਸੀ ਅੰਧਵਿਸ਼ਵਾਸ ਵਰਗੀ ਸਤਿਕਾਰ ਭਾਵਨਾ ਰੱਖਦੇ ਹਨ। ਉਨ੍ਹਾਂ ਦਾ ਆਪਣੇ ਟੋਟਮ ਨਾਲ ਬਹੁਤ ਗੂੜ੍ਹਾ ਤੇ ਨਿਜੀ ਸੰਬੰਧ ਹੁੰਦਾ ਹੈ। ...ਟੋਟਮ ਆਪਣੇ ਗਣ ਦੇ ਮੈਂਬਰਾਂ ਦੀ ਰੱਖਿਆ ਕਰਦਾ ਹੈ ਤੇ ਮੈਂਬਰ ਟੋਟਮ ਦਾ ਹਰ ਤਰ੍ਹਾਂ ਖਿਆਲ ਰੱਖਦੇ ਹਨ। ਜੇ ਉਹ ਜਾਨਵਰ ਹੈ ਤਾਂ ਉਸਨੂੰ ਮਾਰਦੇ ਨਹੀਂ, ਜੇ ਉਹ ਪੇੜ ਪੌਦਾ ਹੈ ਤਾਂ ਉਸਨੂੰ ਕੱਟਦੇ ਨਹੀਂ ਨ ਜਲਾਉਂਦੇ ਹਨ। ਇਹ ਕੋਈ ਇਕ ਚੋਣਵਾਂ ਜਾਨਵਰ ਜਾਂ ਪੌਦਾ ਨਹੀਂ, ਉਸਦੀ ਪੂਰੀ ਜਾਤੀ ਹੀ ਟੋਟਮ ਦਾ ਪ੍ਰਤੀਕ ਹੁੰਦੀ ਹੈ। ਸਾਰਾ ਗਣ ਆਪਣੇ ਆਪ ਨੂੰ ਉਸਦੇ ਨਾਂ ਨਾਲ ਬੁਲਾਉਂਦਾ ਹੈ। ਇਸ ਪ੍ਰਕਾਰ ਟੋਟਮਵਾਦ ਧਾਰਮਕ ਤੇ ਸਮਾਜਕ ਤੱਤਾਂ ਦੀ ਮਿਸ਼ਰਤ ਵਿਵਸਥਾ ਹੈ।"[35] ਟੋਟਮੀ ਜਾਨਵਰਾਂ ਨੂੰ ਰੱਖਿਅਕ ਦੇ ਰੂਪ ਵਿਚ ਦੇਖਿਆ ਜਾਂਦਾ ਸੀ, ਭਾਵੇਂ ਉਹ ਸੱਪ ਜਾਂ ਕੋਈ ਹੋਰ ਜਹਿਰੀਲਾ ਜਾਨਵਰ ਹੀ ਕਿਉਂ ਨਾ ਹੋਵੇ। ਜੇ ਕਿਸੇ ਵਿਅਕਤੀ ਨੂੰ ਜਿਸਦਾ ਟੋਟਮ ਸੱਪ ਹੁੰਦਾ ਸੀ, ਨੂੰ ਸੱਪ ਕੱਟ ਲੈਂਦਾ ਤਾਂ ਉਸ

[32] ਉਦਰਿਤ, ਡੀ.ਐਨ. ਮਜ਼ੂਮਦਾਰ, ਭਾਰਤੀ ਸੰਸਕ੍ਰਿਤੀਆਂ ਅਤੇ ਜਾਤੀਆਂ, ਬਲਦੇਵ ਸਿੰਘ (ਅਨੁ.),ਪੰਨਾ.406

[33] ਸਿਗਮੰਡ ਫਰਾਇਡ, ਪ੍ਰਮਾਤਮਾ ਦੀ ਉਤਪਤੀ ਤੇ ਇਸ ਭਰਮ ਦਾ ਭਵਿੱਖ, ਹਰਜੀਤ ਸਿੰਘ ਮਾਂਗਟ (ਅਨੁ.), ਪੰਨਾ.13

[34] ਡੀ.ਐਨ. ਮਜ਼ੂਮਦਾਰ, ਭਾਰਤੀ ਸੰਸਕ੍ਰਿਤੀਆਂ ਅਤੇ ਜਾਤੀਆਂ, ਬਲਦੇਵ ਸਿੰਘ(ਅਨੁ.),,ਪੰਨਾ.13-14

[35] ਉਦਰਿਤ-, ਸਿਗਮੰਡ ਫਰਾਇਡ, ਪ੍ਰਮਾਤਮਾ ਦੀ ਉਤਪਤੀ ਤੇ ਇਸ ਭਰਮ ਦਾ ਭਵਿੱਖ, ਹਰਜੀਤ ਸਿੰਘ ਮਾਂਗਟ (ਅਨੁ.), ਪੰਨਾ.78

ਵਿਅਕਤੀ ਇਹ ਕਹਿ ਕੇ ਕਬੀਲੇ ਵਿਚੋਂ ਛੇਕ ਦਿਤਾ ਜਾਂਦਾ ਕਿ ਟੋਟਮ ਉਸ ਵਿਅਕਤੀ ਨਾਲ ਨਾਰਾਜ਼ ਹੈ। ਇਸ ਕਾਰਨ ਉਸ ਵਿਅਕਤੀ ਦਾ ਕਬੀਲੇ ਵਿਚ ਰਹਿਣਾ ਅਸ਼ੁਭ ਮੰਨਿਆ ਜਾਂਦਾ। ਇਸਤੋਂ ਇਲਾਵਾ ਟੋਟਮੀ ਜਾਨਵਰ ਨਾਲ ਸ਼ਰਧਾ ਜੁੜੀ ਹੋਣ ਕਾਰਨ ਇਸਨੂੰ ਖਾਣ ਤੋਂ ਗੁਰੇਜ਼ ਕੀਤਾ ਜਾਂਦਾ ਸੀ ਪਰੰਤੂ ਫ਼ਿਰ ਵੀ ਕੁਝ ਰਸਮੀ ਅਵਸਰਾਂ 'ਤੇ ਇਹਨਾਂ ਨੂੰ ਖਾਣ ਦੀ ਪ੍ਰਥਾ ਮੌਜੂਦ ਸੀ। ਡੀ.ਐਨ ਮਜ਼ੂਮਦਾਰ ਅਨੁਸਾਰ, "ਜੇਕਰ ਟੋਟਮ ਪੌਦਾ ਜਾਂ ਜਾਨਵਰ ਖਾਣ ਯੋਗ ਹੋਵੇ ਤਾਂ ਮੈਂਬਰ ਉਸਨੂੰ ਰਸਮੀ ਅਵਸਰਾਂ 'ਤੇ ਜਾਂ ਫ਼ਿਰ ਜਾਨਵਰ ਨੂੰ ਖਿਮਾ ਪ੍ਰਾਰਥਨਾਵਾਂ ਕਰਨ ਤੋਂ ਪਿਛੋਂ ਹੀ ਖਾ ਸਕਦੇ ਹਨ।"[36] ਪਰ ਇਹਨਾਂ ਨੂੰ ਖਾਣ ਪਿਛੇ ਕੀ ਵਜ੍ਹਾ ਸੀ ਉਸ ਦੀ ਕੋਈ ਖ਼ਾਸ ਵਿਆਖਿਆ ਨਹੀਂ ਮਿਲਦੀ।

## 9. ਟੈਬੂ ਅਤੇ ਸਗੋਤਰੀ ਸੰਭੋਗ ਵਰਜਣਾ

ਖ਼ੂਨ ਦੇ ਰਿਸ਼ਤਿਆਂ (ਮਾਂ-ਪੁੱਤ, ਪਿਉ-ਧੀ, ਭੈਣ-ਭਰਾ) ਵਿਚ ਕਾਮ ਸੰਬੰਧ ਦੀ ਵਰਜਣਾ ਨਾਲ ਇਹ ਉਹਨਾਂ ਰਿਸ਼ਤਿਆਂ ਵਿਚ ਵੀ ਕਾਮ ਸੰਬੰਧਾਂ ਨੂੰ ਵਰਜਿਤ ਕਰਦਾ ਹੈ, ਜਿਥੇ ਕਿ ਕਾਮ ਸੰਬੰਧ ਸਥਾਪਤ ਹੋ ਸਕਦੇ ਸਨ। ਜਿਵੇਂ ਸੱਸ ਤੇ ਜਵਾਈ ਵੱਖਰੇ-ਵੱਖਰੇ ਟੋਟਮਾਂ ਨਾਲ ਸੰਬੰਧਿਤ ਹੁੰਦੇ ਸਨ, ਇਸ ਲਈ ਇਹਨਾਂ ਦਾ ਕਾਮ-ਸੰਬੰਧ ਟੋਟਮੀ ਆਧਾਰ 'ਤੇ ਤਾਂ ਜਾਇਜ਼ ਹੋ ਸਕਦਾ ਸੀ ਪਰੰਤੂ ਪਰਿਵਾਰਕ ਰਿਸ਼ਤੇ ਦੇ ਆਧਾਰ 'ਤੇ ਨਾਜਾਇਜ਼ ਸੀ। ਹੁਣ ਅਸੀਂ ਇਹਨਾਂ ਦੋਵਾਂ ਤਰ੍ਹਾਂ ਦੇ ਰਿਸ਼ਤਿਆਂ ਨੂੰ ਵਿਚਾਰਾਂਗੇ।

### 9.1 ਸਗੋਤਰੀ ਸੰਭੋਗ ਵਰਜਣਾ ਅਧੀਨ ਆਉਂਦੇ ਟੈਬੂ :-

ਸਗੋਤਰੀ ਸੰਭੋਗ ਵਰਜਣਾ ਅਧੀਨ ਅਸੀਂ ਮਾਂ-ਪੁੱਤ, ਪਿਉ-ਧੀ ਅਤੇ ਭੈਣ-ਭਰਾ ਆਦਿ ਰਿਸ਼ਤਿਆਂ ਨਾਲ ਸੰਬੰਧਿਤ ਵਰਜਣਾਵਾਂ ਬਾਰੇ ਵਿਚਾਰ ਕਰਾਂਗੇ। [37]

### 9.1.1 ਭੈਣ-ਭਰਾ

ਭੈਣ-ਭਰਾ ਦੇ ਰਿਸ਼ਤੇ ਨੂੰ ਨਿਯਮਤ ਕਰਨ ਦਾ ਸੰਕਲਪ ਵੀ ਸਗੋਤਰੀ ਸੰਭੋਗ ਵਰਜਣਾ ਵਿਚੋਂ ਨਿੱਕਲਿਆ ਹੈ। "ਇਨਸੈਸਟ ਟੈਬੂ ਦਾ ਸੰਬੰਧ ਨੇੜਲੇ (ਖ਼ੂਨ ਦੇ) ਰਿਸ਼ਤਿਆ 'ਚ ਵਿਆਹ ਕਰਨ ਦੀ ਮਨਾਹੀ ਨਾਲ ਹੈ, ਜਿਵੇਂ ਸਕੇ ਭੈਣ-ਭਰਾ'[38] (ਜਾਂ ਖ਼ੂਨ ਦੇ ਰਿਸ਼ਤਿਆਂ 'ਚ ਲੱਗਦੇ ਭੈਣ-ਭਰਾ ਆਦਿ)। ਭੈਣ ਭਰਾਵਾਂ ਦੇ ਰਿਸ਼ਤਿਆਂ ਸੰਬੰਧੀ ਟੈਬੂਆਂ ਨੂੰ ਫਿਜੀ ਵਿਚ ਪ੍ਰਚੱਲਿਤ ਰਸਮ ਅਨੁਸਾਰ ਦੇਖਿਆ ਜਾ ਸਕਦਾ ਹੈ। 'ਫਿਜੀ ਵਿਚ ਪਰਹੇਜ਼ਗਾਰੀ ਦੇ ਨੇਮ ਖ਼ਾਸ ਤੌਰ 'ਤੇ ਸਖ਼ਤ ਹਨ। ਓਥੇ ਇਹ ਖ਼ੂਨ ਦੇ ਰਿਸ਼ਤਿਆਂ ਰਾਹੀਂ ਲਗਦੀਆਂ ਭੈਣਾਂ ਤੋਂ ਬਿਨਾਂ ਕਬੀਲੇ ਦੀਆਂ ਸਾਰੀਆਂ ਧੀਆਂ ਭੈਣਾਂ ਉਪਰ ਲਾਗੂ ਹੁੰਦੇ ਹਨ। (ਬਿਲਕੁਲ ਓਵੇਂ ਜਿਵੇਂ ਅੱਜ ਪੰਜਾਬ ਦੇ ਇੱਕ ਪਿੰਡ ਦੇ ਰਹਿਣ ਵਾਲੇ ਮੁੰਡੇ ਕੁੜੀ ਵਿਚ ਵਿਆਹ ਦੀ ਮਨਾਹੀ ਹੈ) ਇਨ੍ਹਾਂ ਦੇ ਚਲਦੇ ਇਹ ਗੱਲ ਬੜੀ ਹੈਰਾਨੀ ਵਾਲੀ ਹੈ ਕਿ ਉਹ ਅਜਿਹੇ ਤਿਉਹਾਰ ਮਨਾਉਂਦੇ ਹਨ, ਜਿਹਨਾਂ ਵਿਚ ਇਨ੍ਹਾਂ ਹੀ ਮੁੰਡੇ-ਕੁੜੀਆਂ ਨੂੰ ਸਾਰੀਆਂ ਮਨਾਹੀਆਂ ਤਿਆਗ ਕੇ ਕਾਮ ਭੋਗ ਦਾ ਆਨੰਦ ਮਾਣਨ ਦੀ ਪੂਰੀ ਖੁੱਲ੍ਹ ਦੇ ਦਤੀ ਜਾਂਦੀ ਹੈ, ਜਿਵੇਂ ਦੇਰ ਦੀ ਜਮ੍ਹਾਂ ਹੋਈ ਭਾਫ਼ ਦੇ ਨਿਕਾਸ ਲਈ ਸੇਫ਼ਟੀ ਵਾਲਵ ਖੋਲ੍ਹ ਦਿਤਾ ਜਾਂਦਾ ਹੈ ਤੇ ਉਸਤੋਂ ਵੀ ਵਧ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਸ ਰੀਤ ਨੂੰ ਧਾਰਮਕ ਪਵਿੱਤਰਤਾ ਦਾ ਦਰਜਾ ਪ੍ਰਾਪਤ ਹੈ।[39] ਇਸਤੋਂ ਸਪੱਸ਼ਟ ਹੁੰਦਾ ਹੈ ਕਿ ਇਸ ਸਮੇਂ ਤਕ ਸਗੋਤਰੀ ਸੰਭੋਗ ਵਰਜਣਾ ਪੂਰੀ ਤਰ੍ਹਾਂ ਲਾਗੂ ਨਹੀਂ ਸੀ ਹੋਈ।

ਜਿੱਥੋਂ ਤਕ ਪੰਜਾਬੀ ਸਮਾਜ ਦਾ ਸਵਾਲ ਹੈ, ਪੰਜਾਬੀ ਸਮਾਜ ਵਿਚ ਵੀ 'ਸਗੋਤਰੀ ਸੰਭੋਗ ਵਰਜਣਾ (ਮੁਸਲਮਾਨਾਂ ਨੂੰ ਛੱਡ ਕੇ ਸਗੋਂ ਇਹ ਕਹਿਣਾ ਵਧੇਰੇ ਚੰਗਾ ਹੋਵੇਗਾ ਕਿ ਕੁਝ ਕੁ ਮੁਸਲਮਾਨਾਂ ਨੂੰ ਛੱਡ ਕੇ ਕਿਉਂਕਿ ਬਹੁਤਿਆਂ ਨੇ ਤਾਂ ਨੇੜਲੀਆਂ ਰਿਸ਼ਤੇਦਾਰੀਆਂ ਵਿਚ ਵਿਆਹ ਕਰਨਾ ਛੱਡ ਦਿੱਤਾ ਹੈ) ਦੀ ਮਾਨਤਾ ਹੈ। ਮਜ਼ੂਮਦਾਰ ਇਸ ਸੰਬੰਧੀ ਲਿਖਦਾ ਹੈ, "ਇਕ ਪਿੰਡ ਜਾਂ ਇਸਦਾ ਇਕ ਭਾਗ ਇਕ ਸਥਾਨਕ ਇਕਾਈ ਵਾਂਗ ਵਿਵਹਾਰ ਕਰਦਾ ਹੈ ਅਤੇ ਭਾਰਤ ਦੇ ਬਹੁਤ ਸਾਰੇ ਕਬੀਲਿਆਂ ਵਿਚ ਪਿੰਡ ਵਿਚ ਵਿਆਹ ਕਰਾਉਣਾ ਵਰਜਿਤ ਹੈ।...ਜੇਕਰ ਸਾਕਾਦਾਰੀ ਸੰਬੰਧ ਸਾਥੀ ਦੀ ਚੋਣ ਦੇ ਘੇਰੇ ਨੂੰ ਨਿਸ਼ਚਿਤ ਕਰਦੇ ਹਨ ਅਤੇ ਜੇ ਸਾਕਾਦਾਰੀ ਦਾ ਤੱਥ ਸਾਥੀ ਦੀ ਚੋਣ ਵਿਚ ਮਹੱਤਵ ਰੱਖਦਾ ਹੈ ਤਾਂ ਖ਼ੂਨ ਦੇ ਆਧਾਰ ਤੇ ਰੋਕ ਨੇ ਬਹੁਤ ਸਾਰੇ ਕਬੀਲਿਆਂ ਨੂੰ ਗੋਤ ਦੇ ਅੰਦਰ ਹੀ ਵਿਆਹ ਕਰਾਉਣ ਤੋਂ ਵਰਜਿਆ ਹੋਵੇਗਾ।"[40] ਸਮਕਾਲ ਵਿਚ ਵੀ ਇਸ ਵਰਜਣਾ ਨੂੰ ਸੰਵਿਧਾਨਕ ਨਿਆਂਸ਼ੀਲਤਾ ਮਿਲਣ ਦਾ ਪ੍ਰਮਾਣ ਨਵੰਬਰ 2020

[36] -ਉਹੀ-, ਪੰਨਾ.399

[37] -ਉਹੀ, ਪੰਨਾ. 752

[38] Incest taboo relates to forbidding marriage between close blood relatives such as brotther and sister. www.academia.edu/4264829/Claude_Levi_Strauss_Elementary_Structure_of_Kinship_a_Study_Guide. 31/07/2019, 5.25 pm

[39] ਸਿਗਮੰਡ ਫਰਾਇਡ, ਪ੍ਰਮਾਤਮਾ ਦੀ ਉਤਪਤੀ ਤੇ ਇਸ ਭਰਮ ਦਾ ਭਵਿੱਖ, ਹਰਜੀਤ ਸਿੰਘ ਮਾਂਗਟ (ਅਨੁ.), ਪੰਨਾ.15

[40] ਡੀ.ਐਨ. ਮਜ਼ੂਮਦਾਰ, ਭਾਰਤੀ ਸੰਸਕ੍ਰਿਤੀਆਂ ਅਤੇ ਜਾਤੀਆਂ, ਬਲਦੇਵ ਸਿੰਘ(ਅਨੁ.), ਪੰਨਾ.399

ਵਿਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸੁਣਾਇਆ ਗਿਆ ਫ਼ੈਸਲਾ ਹੈ, ਜੋ ਨੇੜਲੇ ਭੈਣ-ਭਰਾ (first cousin) ਦੇ ਵਿਆਹ ਨੂੰ ਪੂਰੀ ਤਰ੍ਹਾਂ ਰੱਦ ਕਰਦਾ ਹੈ। ਇਸ ਮਨਾਹੀ ਸੰਬੰਧੀ ਅਸੀਂ ਟੈਬੂ ਦੁਆਰਾ ਨਿਰਧਾਰਤ ਸਜ਼ਾ ਵਾਲੇ ਪੱਖ ਵਿਚ ਵੀ ਗੱਲ ਕਰ ਆਏ ਹਾਂ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਇਸ ਤਰ੍ਹਾਂ ਰਿਸ਼ਤਿਆਂ ਨੂੰ ਨਿਯਮਬੱਧ ਕਰਨ ਦਾ ਆਧਾਰ ਕੇਵਲ ਟੋਟਮ ਵਿਵਸਥਾ ਸੀ ਜਾਂ ਕੁਝ ਹੋਰ ਕਾਰਨ ਵੀ ਰਹੇ ਹੋ ਸਕਦੇ ਹਨ? ਹੁਣ ਅਨੁਵੰਸ਼-ਵਿਗਿਆਨ ਦੀਆਂ ਖੋਜਾਂ ਰਾਹੀਂ ਸਾਨੂੰ ਪਤਾ ਲੱਗ ਗਿਆ ਹੈ ਕਿ ਇਕੋ ਡੀ.ਐਨ.ਏ. ਵਿਚੋਂ ਜਨਮੇ ਬੱਚਿਆਂ ਵਿਚ ਰੋਗ ਪਾਏ ਜਾਣ ਦੀ ਸੰਭਾਵਨਾ ਉਹਨਾਂ ਬੱਚਿਆਂ ਨਾਲੋਂ ਵੱਧ ਹੁੰਦੀ ਹੈ ਜਿਹਨਾਂ ਦਾ ਡੀ.ਐਨ.ਏ. ਦੋ ਵੱਖਰੇ ਜੀਨਾਂ ਤੋਂ ਬਣਿਆ ਹੋਵੇ। ਆਰੰਭਕ ਟੈਬੂਆਂ ਦੇ ਆਧਾਰ 'ਤੇ ਗੱਲ ਕਰੀਏ ਤਾਂ ਸਾਨੂੰ ਕੇਵਲ ਫਰੇਜ਼ਰ ਦੀ ਧਾਰਨਾ ਮਿਲਦੀ ਹੈ ਕਿ ਪਸ਼ੂਆਂ ਨੂੰ ਘਰਾਂ ਵਿਚ ਪਰਸਪਰ ਬ੍ਰੀਡਿੰਗ ਕਰਦਿਆਂ ਦੇਖਦਿਆਂ ਉਨ੍ਹਾਂ ਦੇ ਸਮੂਹ ਨੇ ਨਸਲ ਬਾਧਕਤਾ ਦਾ ਅਨੁਭਵ ਗ੍ਰਹਿਣ ਕੀਤਾ ਹੋਵੇਗਾ।'[41] ਪਰੰਤੂ ਫਰਾਇਡ ਇਸ ਨਾਲ ਸਹਿਮਤ ਨਹੀਂ ਹੁੰਦਾ। ਪਰ ਫਿਰ ਵੀ ਅਸੀਂ ਅਨੁਮਾਨ ਲਗਾ ਸਕਦੇ ਹਾਂ ਕਿ ਸ਼ਾਇਦ ਉਹਨਾਂ ਮੁੱਢਲੇ ਸਮੂਹਾਂ ਦੀਆਂ ਨਸਲਾਂ ਵਿਚ ਰੋਗ ਅਤੇ ਮੌਤ ਦੀ ਦਰ ਵਧ ਜਾਣਾ ਇਸਦਾ ਕਾਰਨ ਰਿਹਾ ਹੋਵੇ।

ਪਰੰਤੂ ਜੇਕਰ ਵਰਤਮਾਨ ਚਿਕਿਤਸਾ ਦੇ ਆਧਾਰ 'ਤੇ ਗੱਲ ਕਰੀਏ ਤਾਂ ਸਾਨੂੰ ਡੀ.ਐਨ.ਏ. ਪ੍ਰਕਿਰਿਆ ਸਮਝ ਆਉਂਦੀ ਹੈ। ਅਸਲ 'ਚ ਨੇੜਲੇ ਖ਼ੂਨ ਦੇ ਰਿਸ਼ਤਿਆਂ ਵਿਚ ਵਿਆਹ ਕਰਨ ਨਾਲ ਪੈਦਾ ਹੋਣ ਵਾਲੀ ਸੰਤਾਨ ਵਿਚ ਸਰੀਰਕ ਅਤੇ ਮਾਨਸਿਕ ਕਮੀਆਂ ਰਹਿ ਜਾਣ ਦਾ ਖ਼ਤਰਾ ਵਧ ਜਾਂਦਾ ਹੈ। ਡਾ. ਐਲਨ. ਐੱਚ. ਬਿਟਲਸ (Alan. H. Bittles) ਨੇ 2012 ਵਿਚ ਪ੍ਰਕਾਸ਼ਿਤ ਆਪਣੀ ਕਿਤਾਬ (Consanguinity in context) ਵਿਚ ਇਸ ਧਾਰਨਾ ਨੂੰ ਸਪੱਸ਼ਟ ਕੀਤਾ ਹੈ ਕਿ "ਨੇੜਲੇ ਭੈਣ-ਭਰਾਵਾਂ (ਚਚੇਰੇ-ਮਮੇਰੇ) ਦਾ ਆਪਸੀ ਵਿਆਹ ਜਣਨ-ਅਸਧਾਰਨਤਾ (ਮਾਨਸਿਕ) ਦੇ ਖ਼ਤਰੇ ਨੂੰ ਵਧਾ ਸਕਦਾ ਹੈ...ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਜਿਹਨਾਂ ਬੱਚਿਆਂ ਦੇ ਮਾਤਾ-ਪਿਤਾ ਜੈਵਿਕ ਤੌਰ 'ਤੇ ਨੇੜੇ ਦੇ ਰਿਸ਼ਤੇਦਾਰ ਹਨ, ਉਹਨਾਂ (ਬੱਚਿਆਂ) ਵਿਚ ਜੈਵਿਕ ਜਾਂ ਜਨਮਜਾਤ ਰੋਗਾਂ ਦਾ ਖ਼ਤਰਾ ਬਾਕੀ ਬੱਚਿਆਂ ਦੇ ਮੁਕਾਬਲੇ ਵਧੇਰੇ ਹੁੰਦਾ ਹੈ।'[42] ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਸਾਧਾਰਨ ਹਾਲਤਾਂ ਵਿਚ ਕੋਈ ਬੱਚਾ ਆਪਣੇ ਮਾਤਾ ਪਿਤਾ ਦੇ ਡੀ.ਐਨ.ਏ. ਦਾ ਕੇਵਲ 0.20% ਹਿੱਸਾ ਵਰਤਦਾ ਹੈ, ਦੂਰ ਦੇ ਭੈਣ ਭਰਾਵਾਂ ਵਿਚ ਇਹ ਹਿਸਾ 0.78% ਹੁੰਦਾ ਹੈ। ਜਦੋਂ ਕਿ ਖ਼ੂਨ ਦੇ ਕਰੀਬੀ ਰਿਸ਼ਤਿਆਂ ਵਿਚ ਇਹ ਹਿੱਸਾ ਵਧ ਕੇ 12.5% ਹੋ ਜਾਂਦਾ ਹੈ। ਇਸ ਨਾਲ ਇਕ ਤਾਂ ਜੈਨੇਟਿਕ ਬੀਮਾਰੀਆਂ ਬੱਚੇ ਵਿਚ ਪ੍ਰਵੇਸ਼ ਕਰ ਜਾਂਦੀਆਂ ਹਨ। (ਵੱਖਰੇ ਡੀ.ਐਨ.ਏ. ਵਾਲੇ ਬੱਚੇ ਵਿਚ ਇਹ ਖ਼ਤਰਾ 75% ਤਕ ਘੱਟ ਹੁੰਦਾ ਹੈ); ਦੂਜਾ ਅਜਿਹੇ ਬੱਚੇ ਕਈ ਤਰ੍ਹਾਂ ਦੀਆਂ ਦਿਲ ਦੀਆਂ ਬੀਮਾਰੀਆਂ ਜਾਂ ਨਰਵਸ ਸਿਸਟਮ ਨਾਲ ਸੰਬੰਧਿਤ ਬੀਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਇਹ ਗੱਲ ਡਾ. ਇਮਰਨ ਸ਼ੇਰੀਡਨ ਨੇ ਇੰਗਲੈਂਡ ਵਿਚ ਵਸਦੇ ਮੁਸਲਮਾਨਾਂ ਵਿਚੋਂ 75% ਅਜਿਹੇ ਮੁਸਲਮਾਨਾਂ ਦੇ ਬੱਚਿਆਂ ਦੇ ਸੈਂਪਲ ਲੈ ਕੇ ਸਾਬਤ ਕੀਤੀ ਹੈ, ਜਿਹਨਾਂ ਦਾ ਚਚੇਰੇ ਭੈਣ-ਭਰਾਵਾਂ ਨਾਲ ਵਿਆਹ ਹੋਇਆ ਸੀ।[43]

### 9.1.2 ਮਾਂ-ਪੁੱਤ, ਪਿਉ-ਧੀ ਟੈਬੂ:-

ਟੋਟਮ ਦੁਆਰਾ ਨਿਰਧਾਰਿਤ' ਸਗੋਤਰੀ ਸੰਭੋਗ ਵਰਜਣਾ ਵਿਚ ਰਿਸ਼ਤ 'ਚ ਲੱਗਦੇ ਭੈਣਾਂ-ਭਰਾਵਾਂ ਨਾਲ ਹੀ ਨਹੀਂ ਸਗੋਂ ਮਾਂ-ਪੁੱਤ, ਪਿਉ-ਧੀ ਨਾਲ ਵੀ ਸੰਬੰਧਤ ਹਨ। ਇਸਦਾ ਅੰਦਾਜ਼ਾ ਇਸ ਵਿਆਖਿਆ ਤੋਂ ਲਗਾਇਆ ਜਾ ਸਕਦਾ ਹੈ ਕਿ 'ਪੁਰਾਤਨ ਸਮਾਜ ਵਿਚ ਵਿਆਹ ਨਾਲ ਟੋਟਮ ਨਹੀਂ ਬਦਲਦਾ। ਟੋਟਮ ਜਨਮਜਾਤ ਵਿਰਾਸਤ ਅਨੁਸਾਰ ਮਿਲਦਾ ਹੈ ਤੇ ਮਰਦੇ ਦਮ ਤਕ ਉਹੀ ਰਹਿੰਦਾ ਹੈ।...ਮਿਸਾਲ ਵਜੋਂ ਜਿਥੇ ਵੰਸ਼ ਦੀ ਤੋਰ ਮਾਂ ਤੋਂ ਚੱਲਦੀ ਹੈ, ਉਥੇ ਫ਼ਰਜ਼ ਕਰੋ ਕੰਗਾਰੂ ਟੋਟਮ ਦਾ ਆਦਮੀ ਐਮੂ ਟੋਟਮ ਦੀ ਔਰਤ ਨਾਲ ਵਿਆਹ ਕਰਦਾ ਹੈ ਤਾਂ ਉਨ੍ਹਾਂ ਦੇ ਸਾਰੇ ਬੱਚੇ ਐਮੂ ਦੇ ਸਮਝੇ ਜਾਣਗੇ। ਐਮੂ ਲੜਕੇ ਲਈ ਆਪਣੀ ਮਾਂ ਤੇ ਭੈਣਾਂ ਨਾਲ ਕਾਮ ਸੰਬੰਧ ਵਰਜਤ ਹੋਣਗੇ। ਦੂਜੇ ਪਾਸੇ ਕੰਗਰੂ ਬਾਪ ਆਪਣੀਆਂ ਐਮੂ ਧੀਆਂ ਨਾਲ ਇਹੀ ਸੰਬੰਧ ਸਥਾਪਤ ਕਰਨ ਲਈ ਸੁਤੰਤਰ ਹੋਏਗਾ। ਪਰ ਜੇ ਟੋਟਮ ਅੰਦਰ ਵੰਸ਼ ਦੀ ਤੋਰ ਬਾਪ ਤੋਂ ਚਲਦੀ ਹੋਏ ਤਾਂ ਉਸੇ ਬਾਪ ਨੂੰ ਆਪਣੀਆਂ ਧੀਆਂ ਨਾਲ ਸੰਬੰਧ ਬਣਾਣ ਦੀ ਮਨਾਹੀ ਹੋਏਗੀ,

---

[41] -ਉਦਰਿਤ-, ਸਿਗਮੰਡ ਫਰਾਇਡ, ਪ੍ਰਮਾਤਮਾ ਦੀ ਉਤਪਤੀ ਤੇ ਇਸ ਭਰਮ ਦਾ ਭਵਿੱਖ, ਹਰਜੀਤ ਸਿੰਘ ਮਾਂਗਟ (ਅਨੁ.), ਪੰਨਾ.92

[42] First cousin marriage increase the risk of passing on geneticabnormalities…there is no doubt that children whose parents are close biological relatives are at a greater average risk of inheriting genetic disorders." www.eurokalert.org

[43] D. Balakrishnan, The biology of first cousin marriage, The hindu, 10july 2013

ਜਦਕਿ ਪੁੱਤਰ ਆਪਣੀ ਮਾਂ ਨਾਲ ਸੰਬੰਧ ਕਾਇਮ ਕਰਨ ਲਈ ਸੁਤੰਤਰ ਹੋਣਗੇ। ਮਨਾਹੀਆਂ ਦੇ ਇਸ ਤਰ੍ਹਾਂ ਦੇ ਨੇਮਾਂ ਤੋਂ ਪਤਾ ਲਗਦਾ ਹੈ ਕਿ ਔਰਤ ਤੋਂ ਵੰਸ ਦੀ ਪ੍ਰਥਾ ਆਦਮੀ ਤੋਂ ਚਲਣ ਨਾਲੋਂ ਪੁਰਾਤਨ ਹੈ ਕਿਉਂਕਿ ਟੋਟਮ ਦੀਆਂ ਮਨਾਹੀਆਂ ਮੁਖ ਤੌਰ ਤੇ ਪੁੱਤਰ ਦੀਆਂ ਜਿਣਸੀ ਖ਼ਾਹਸ਼ਾਂ ਤੇ ਰੋਕ ਲਾਉਣ ਵਲ ਸੇਧਤ ਹਨ।'[44] ਮੌਰਗਨ ਨੇ ਇਹਨਾਂ ਨੂੰ ਰਿਸ਼ਤਿਆਂ ਦੇ ਵਰਗੀਕਰਨ ਦਾ ਨਾਂ ਦਿਤਾ। ਕੰਗਾਰੂ ਕਬੀਲੇ ਵਿਚ ਕੋਈ ਲੜਕਾ ਕੇਵਲ ਉਸ ਵਿਅਕਤੀ ਨੂੰ ਹੀ ਬਾਪ ਨਹੀਂ ਸੱਦਦਾ, ਜਿਸਨੇ ਉਸਨੂੰ ਪੈਦਾ ਕੀਤਾ ਹੋਵੇ ਬਲਕਿ ਉਨ੍ਹਾਂ ਸਾਰਿਆਂ ਨੂੰ ਬਾਪ ਕਹਿੰਦਾ ਹੈ, ਜਿਨ੍ਹਾਂ ਨਾਲ ਉਸਦੀ ਮਾਂ ਵਿਆਹ ਕਰਾ ਸਕਦੀ ਸੀ ਤੇ ਉਸਨੂੰ ਜਨਮ ਦੇ ਸਕਦੀ ਸੀ। ਏਸੇ ਤਰ੍ਹਾਂ ਉਹ ਕੇਵਲ ਉਸ ਔਰਤ ਨੂੰ ਹੀ ਆਪਣੀ ਮਾਂ ਨਹੀਂ ਕਹਿੰਦਾ, ਜਿਸਨੇ ਉਸਨੂੰ ਜੰਮਿਆ ਹੋਵੇ ਬਲਕਿ ਉਹ ਸਾਰੀਆਂ ਔਰਤਾਂ ਉਸ ਲਈ ਮਾਵਾਂ ਹਨ, ਜਿਹੜੀਆਂ ਕਬੀਲੇ ਨੇਮ ਅਨੁਸਾਰ ਉਸਦੇ ਬਾਪ ਨਾਲ ਵਿਆਹ ਕਰਵਾ ਸਕਦੀਆਂ ਸਨ ਤੇ ਉਸਨੂੰ ਪੈਦਾ ਕਰ ਸਕਦੀਆਂ ਸਨ।'[45] ਭਾਵ ਮਾਂ ਵੱਲੋਂ ਵੰਸ਼ ਚੱਲਣ ਦੇ ਰੂਪ ਵਿਚ ਬੱਚੇ ਬਾਪ ਦੇ ਸਾਰੇ ਕਬੀਲੇ ਦੇ ਲੋਕਾਂ ਨਾਲ ਪਿਤਾ ਹੋਣ ਵਾਲਾ ਵਿਵਹਾਰ ਹੀ ਕਰਨਗੇ। ਇਸ ਤਰ੍ਹਾਂ ਮਾਂ-ਪੁੱਤਰ ਅਤੇ ਪਿਉ-ਧੀ ਦੇ ਰਿਸ਼ਤੇ ਨੂੰ ਵੀ ਦਾਇਰਾਬੱਧ ਕਰਨ ਲਈ ਸਗੋਤਰੀ ਸੰਭੋਗ ਵਰਜਣਾ ਦੀ ਮਨਾਹੀ ਦਾ ਪ੍ਰਬੰਧ ਉਸਾਰਨਾ ਪਿਆ।

### 9.1.3 ਸੱਸ-ਜਵਾਈ

ਸੱਸ ਅਤੇ ਜਵਾਈ ਦੇ ਸੰਬੰਧ ਵਿਚ ਬਹੁਤ ਸਾਰੇ ਟੈਬੂ ਪ੍ਰਾਪਤ ਹੁੰਦੇ ਹਨ। ਜਿਵੇਂ 'ਆਸਟ੍ਰੇਲੀਆ ਵਿਚ ਸੱਸ ਨਾਲ ਕਾਮ ਸੰਬੰਧਾਂ ਦੀ ਰੋਕਥਾਮ ਲਈ ਸਾਰੇ ਕਬੀਲਿਆਂ ਵਿਚ ਬਹੁਤ ਸਖ਼ਤ ਮਨਾਹੀਆਂ ਲਾਗੂ ਹੁੰਦੀਆਂ ਹਨ। ਮੈਲਾਨੀਸ਼ੀਆ, ਪੌਲੀਨੀਸ਼ੀਆ ਤੇ ਅਫ਼ਰੀਕਾ ਦੀਆਂ ਨੀਗਰੋ ਜਾਤੀਆਂ ਵਿਚ ਵੀ ਟੋਟਮਵਾਦੀ ਵਿਵਸਥਾ ਵਾਲੇ ਸਮਾਜਾਂ ਵਿਚ ਇਹਨਾਂ ਉਪਰ ਅਮਲ ਹੁੰਦਾ ਹੈ।...ਸੁਲੇਮਾਨ ਦੀਪਾਂ ਵਿਚ ਵਿਆਹ ਤੋਂ ਬਾਅਦ ਜਵਾਈ ਨੂੰ ਆਪਣੀ ਸੱਸ ਨਾਲ ਗੱਲ ਕਰਨ ਜਾਂ ਉਸਨੂੰ ਦੇਖਣ ਤਕ ਦੀ ਮਨਾਹੀ ਹੈ। ਜੇ ਉਹ ਕਿਤੇ ਮਿਲਦੇ ਹਨ ਤਾਂ ਇਕ-ਦੂਜੇ ਨੂੰ ਪਛਾਣ ਵੀ ਨਹੀਂ ਸਕਦੇ।...ਉਹ ਉੱਚੀ-ਉੱਚੀ ਬੋਲਦੇ ਹਨ ਤਾਂ ਕਿ ਹਰ ਕੋਈ ਸੁਣ ਸਕੇ ਕਿ ਉਹ ਕੀ ਗੱਲ ਕਰ ਰਹੇ ਹਨ।'[46] ਹੁਣ ਜੇਕਰ ਤਰਕ ਦੇ ਆਧਾਰ 'ਤੇ ਇਹਨਾਂ ਮਨਾਹੀਆਂ ਨੂੰ ਵਾਚੀਏ ਤਾਂ ਇਹਨਾਂ ਟੈਬੂਆਂ ਦੇ ਹੋਂਦ ਸੰਬੰਧੀ ਫਰਾਇਡ ਦਾ ਮੱਤ ਹੈ ਕਿ 'ਟੋਟਮਵਾਦ ਵਿਚ ਖ਼ੂਨ ਦੀ ਸਾਂਝ ਵਾਲੇ ਰਿਸ਼ਤਿਆਂ ਵਿਚ ਕਾਮ-ਸੰਬੰਧਾਂ ਤੇ ਪਾਬੰਦੀ ਹੈ, ਜਿਸ ਅਨੁਸਾਰ ਵਿਆਹ ਆਪਣੇ ਟੋਟਮ ਤੋਂ ਬਾਹਰ ਹੀ ਹੋ ਸਕਦਾ ਹੈ, ਇਸ ਲਈ ਸੱਸ ਨਾਲ ਵਿਆਹ ਦੀ ਸੰਭਾਵਨਾ ਸਿਧਾਂਤਕ ਤੌਰ 'ਤੇ ਅਸੰਭਵ ਨਹੀਂ ਜਾਪਦੀ।'[47] ਵੂੰਟ ਅਨੁਸਾਰ, " ਮਾਤ੍ਰੀ ਪ੍ਰਧਾਨ ਸਮਾਜ ਵਿਚ ਇਕ ਵਿਅਕਤੀ ਨੇ ਜਿਸ ਸਮੂਹ ਵਿਚੋਂ ਆਪਣੀ ਪਤਨੀ ਚੁਣਨੀ ਹੁੰਦੀ ਹੈ, ਉਸ ਵਿਚ ਉਸਦੀ ਪਤਨੀ ਅਤੇ ਸੱਸ ਸ਼ਾਮਿਲ ਹੋਣਗੀਆਂ। ਇਸੇ ਤਰ੍ਹਾਂ ਪਿਤਾ ਪ੍ਰਧਾਨ ਵੰਸ਼ ਵਿਚ ਪਤੀ ਅਤੇ ਸਹੁਰਾ ਟੋਟਮ ਸਹਿਯੋਗੀ ਹੋਣਗੇ।'[48] ਟੇਲਰ ਅਨੁਸਾਰ, "ਮਨਾਹੀਆਂ ਦੇ ਉਤਪੰਨ ਹੋਣ ਦਾ ਕਾਰਨ ਨਿਵਾਸ ਸਥਾਨ ਦੇ ਨਿਯਮ ਹਨ, ਕਿਉਂਕਿ ਇਕ ਪਿਤਰ-ਪ੍ਰਧਾਨ ਸਥਾਨਕ ਸਮਾਜ ਵਿਚ ਪਤਨੀ ਅਜਨਬੀ ਹੁੰਦੀ ਹੈ, ਇਸ ਲਈ ਸਹੁਰਾ ਉਸਤੋਂ ਦੂਰ ਰਹਿੰਦਾ ਜਾਂ ਪਰਹੇਜ ਕਰਦਾ ਹੈ ਅਤੇ ਮਾਤ੍ਰੀ-ਪ੍ਰਧਾਨ ਸਥਾਨਕ ਸਮਾਜ ਵਿਚ ਇਸਦੇ ਅਨੁਰੂਪੀ ਸੱਸ ਤੇ ਜਵਾਈ ਆਪੋ ਵਿਚ ਮਿਲਣ ਤੋਂ ਸੰਕੋਚ ਕਰਦੇ ਹਨ।"[49] ਇਹਨਾਂ ਸਭ ਧਾਰਨਾਵਾਂ ਵਿਚੋਂ ਵੂੰਟ ਅਤੇ ਫਰਾਇਡ ਦੀ ਧਾਰਨਾ ਵਧੇਰੇ ਉਚਿਤ ਜਾਪਦੀ ਹੈ ਕਿਉਂਕਿ ਟੋਟਮ ਅਲੱਗ ਹੋਣ ਦੀ ਸੂਰਤ ਵਿਚ ਹੀ ਪਤੀ ਆਪਣੀ ਪਤਨੀ ਨਾਲ ਵੀ ਸਰੀਰਕ ਸੰਬੰਧ ਬਣਾਉਣ ਜਾਂ ਵਿਆਹ ਲਈ ਯੋਗ ਹੁੰਦਾ ਸੀ।

## 10. ਪੰਜਾਬੀ ਸਭਿਆਚਾਰ ਅਧਿਐਨਾਂ ਵਿਚ ਟੈਬੂ ਦੀ ਵਿਆਖਿਆ

ਪੰਜਾਬੀ ਸਭਿਆਚਾਰ ਅਧਿਐਨਾਂ ਵਿਚ ਟੈਬੂ ਦੇ ਸੰਕਲਪ ਬਾਰੇ ਭਾਵੇਂ ਵਿਅਖਿਆਤਮਕ ਅਤੇ ਵਿਗਿਆਨਕ ਪਰਿਭਾਸ਼ਾਵਾਂ ਦੀ ਥੋੜ੍ਹ ਹੈ। ਫ਼ਿਰ ਵੀ ਅਸੀਂ ਕੁਝ ਕੁ ਪਰਿਭਾਸ਼ਾਵਾਂ ਦਾ ਜ਼ਿਕਰ

44 ਸਿਗਮੰਡ ਫਰਾਇਡ, ਪ੍ਰਮਾਤਮਾ ਦੀ ਉਤਪਤੀ ਤੇ ਇਸ ਭਰਮ ਦਾ ਭਵਿੱਖ, ਹਰਜੀਤ ਸਿੰਘ ਮਾਂਗਟ (ਅਨੁ.), ਪੰਨਾ.12

45-ਉਹੀ-, ਪੰਨਾ.13

46 -ਉਹੀ-,ਪੰਨਾ.15-16

47 -ਉਹੀ-,ਪੰਨਾ.17-18

48 ' In case of maternal descentthe group from which a man must select his wife included his mother-in-law as well as his wife. Similarly, in the case of paternal descent, the husband and father-in-law were totem associates' Wilhelm wundt, elements of folk psychology, page.197

49-, ਉਦਰਿਤ- ਡੀ.ਐਨ. ਮਜੂਮਦਾਰ, ਭਾਰਤੀ ਸੰਸਕ੍ਰਿਤੀਆਂ ਅਤੇ ਜਾਤੀਆਂ, ਬਲਦੇਵ ਸਿੰਘ(ਅਨੁ.),ਪੰਨਾ.406

ਕਰਾਂਗੇ। ਗੁਰਬਖ਼ਸ਼ ਸਿੰਘ ਫ਼ਰੈਂਕ ਨੇ ਟੈਬੂ ਬਾਰੇ ਸਰਸਰੀ ਚਰਚਾ ਕਰਦੇ ਕਿਹਾ ਹੈ ਕਿ,

"ਇਹ ਉਹ ਨਿਯਮ ਹੁੰਦੇ ਹਨ, ਜਿਨ੍ਹਾਂ ਬਾਰੇ ਕੋਈ ਸਮਾਜ ਕਿਆਸ ਨਹੀਂ ਕਰਦਾ ਕਿ ਇਹਨਾਂ ਦੀ ਉਲੰਘਣਾ ਵੀ ਕੀਤੀ ਜਾ ਸਕਦੀ ਹੈ।...ਇਹ ਤਾਬੂ ਬਹੁਤੇ ਸਮਾਜਾਂ ਵਿਚ ਸਾਂਝੇ ਹੀ ਹਨ, ਜਿਵੇਂ ਕਿ ਪਤੀ-ਪਤਨੀ ਤੋਂ ਇਲਾਵਾ ਮੂਲ ਪ੍ਰਵਾਰ ਦੇ ਮੈਂਬਰਾਂ ਦਾ ਆਪਸ ਵਿਚ ਜਿਨਸੀ ਸੰਬੰਧ ਰੱਖਣਾ।...ਹਿੰਦੂ ਸਮਾਜ ਵਿਚ ਗਊ ਦਾ ਮਾਸ ਖਾਧਾ ਜਾਣਾ।'[50]

ਜੇਕਰ ਫ਼ਰੈਂਕ ਦੁਆਰਾ ਦਿੱਤੀ ਧਾਰਨਾ ਨੂੰ ਵੇਖਿਆ ਜਾਵੇ ਤਾਂ ਇਸਨੂੰ ਸਗੋਤਰੀ ਵਿਆਹ ਵਰਜਣਾ ਦੇ ਸੰਬੰਧ ਵਿਚ ਰੱਖ ਕੇ ਵੇਖਿਆ ਜਾ ਸਕਦਾ ਹੈ। ਪਰ ਜੇਕਰ ਪਰਿਭਾਸ਼ਾ ਦੀ ਅਗਲੀ ਸਤਰ ਦੇਖੀਏ ਤਾਂ ਅਰਥਿਕ ਕਾਰਨਾਂ ਕਰਕੇ ਗ੍ਰਹਿਸਥ ਚਲਾਉਣ ਲਈ ਸਗੇ ਭਰਾਵਾਂ ਵਿਚੋਂ ਕਿਸੇ ਇਕ ਭਰਾ ਦਾ ਵਿਆਹ ਹੋ ਜਾਣਾ ਅਤੇ ਬਾਕੀ ਦੇ ਭਰਾਵਾਂ ਦਾ ਉਸ ਭਰਾ ਦੇ 'ਚੁੱਲ੍ਹੇ 'ਤੇ ਰਹਿਣਾ' ਕਾਫ਼ੀ ਸਮਾਂ ਪੰਜਾਬੀ ਸਮਾਜ ਦਾ ਹਿੱਸਾ ਰਿਹਾ ਹੈ। ਭਾਵੇਂ ਉਚ ਜ਼ਿਮੀਦਾਰ ਜਾਂ ਹਿੰਦੂ ਵਿਵਸਥਾ ਅਧੀਨ ਇਹ ਕੋਈ ਉਚਤਮ ਪੈਮਾਨਾ ਨਹੀਂ ਸੀ ਪਰੰਤੂ ਫਿਰ ਵੀ ਇਹ ਵਿਹਾਰ ਪੰਜਾਬੀ ਸਮਾਜ ਵਿਚ ਮੌਜੂਦ ਸਨ। ਇਸਨੂੰ ਟੀ.ਆਰ ਵਿਨੋਦ ਇਸ ਤਰ੍ਹਾਂ ਸਪੱਸ਼ਟ ਕਰਦਾ ਹੈ ਕਿ,

"ਪਰਿਵਾਰ ਦੇ ਜੀਆਂ ਦਾ ਅਣਵਿਆਹੇ ਰਹਿ ਜਾਣਾ ਪਰਿਵਾਰ ਦੀ ਨਮੋਸ਼ੀ ਦਾ ਕਰਨ ਬਣਦਾ ਹੈ। ਪਰ ਛੋਟੀ ਕਿਰਸਾਣੀ ਦੇ ਪਰਿਵਾਰਾਂ ਵਿਚ ਇਸ ਮੁੱਲ ਦੀ ਪਕੜ ਬਹੁਤ ਢਿਲੀ ਹੈ। ਜ਼ਮੀਨ ਦੀਆਂ ਹੋਰ ਵੰਡੀਆਂ ਪੈਣ ਦੇ ਡਰੋਂ ਸਾਰਿਆਂ ਦਾ ਵਿਆਹ ਜ਼ਰੂਰੀ ਵੀ ਨਹੀਂ ਸਮਝਿਆ ਜਾਂਦਾ। ਸੋ ਭਰਾਵਾਂ ਵਿਚੋਂ ਕਿਸੇ ਇਕ ਦਾ ਵਿਆਹ ਹੀ ਸਾਰੇ ਭਰਾਵਾਂ ਦੀ ਭਾਵੁਕ ਪੂਰਤੀ ਦਾ ਸਾਧਨ ਸਮਝ ਲਿਆ ਜਾਂਦਾ ਹੈ।...ਗ੍ਰਾਮ ਸੰਸਕ੍ਰਿਤੀ ਦੀਆਂ ਬ੍ਰਾਹਮਣੀ ਭਾਂਤ ਦੀਆਂ ਸੁੱਚਵਾਦੀ ਭਾਵਨਾਵਾਂ ਤੋਂ ਪ੍ਰਭਾਵਿਤ ਪੇਂਡੂ ਇਸਨੂੰ ਕਟਾਖਮਈ ਸਵੀਕ੍ਰਿਤੀ ਪ੍ਰਦਾਨ ਕਰਦਾ ਹੈ।'[51]

ਇੱਥੇ ਸ਼ਾਇਦ ਡਾ. ਵਿਨੋਦ ਆਪਣੀ ਸੰਕੋਚਵੀਂ ਭਾਸ਼ਾ ਕਰਕੇ ਸਰੀਰਕ ਲੋੜਾਂ ਦੀ ਪੂਰਤੀ ਦੇ ਪ੍ਰਬੰਧ ਨੂੰ 'ਭਾਵੁਕ ਪੂਰਤੀ' ਰਾਹੀਂ ਪ੍ਰਗਟ ਕਰਦੇ ਪ੍ਰਤੀਤ ਹੁੰਦੇ ਹਨ। ਬਾਕੀ ਜਿਥੋਂ ਤਕ ਗਊ ਦਾ ਮਾਸ ਖਾਣ ਦਾ ਸਵਾਲ ਹੈ ਤਾਂ ਪਹਿਲਾਂ ਇਹ ਨਿਰਧਾਰਤ ਕਰਨਾ ਪਵੇਗਾ ਕਿ ਗਾਂ ਕਦੋਂ ਟੈਬੂ ਰਹੀ ਹੈ? ਵਰਤਮਾਨ ਸਮਾਜ ਵਿਚ ਗਾਂ ਨੂੰ ਕੇਵਲ ਧਾਰਮਿਕ ਮਾਨਤਾ ਪ੍ਰਾਪਤ ਹੈ ਅਤੇ ਧਾਰਮਿਕ ਮਾਨਤਾ ਹੋਣਾ ਟੈਬੂ ਦੀ ਸ਼੍ਰੇਣੀ ਵਿਚ ਨਹੀਂ ਆਉਂਦਾ। ਡੀ.ਐੱਨ ਮਜ਼ੂਮਦਾਰ ਇਸ ਸੰਬੰਧੀ ਲਿਖਦਾ ਹੈ ਕਿ ਕੀ ਜਾਨਵਰਾਂ ਜਾਂ ਪੌਦਿਆਂ ਪ੍ਰਤਿ ਮਿਲਦੀ ਸ਼ਰਧਾ ਨੂੰ ਹੀ ਟੋਟਮਵਾਦ ਆਖ ਸਕਦੇ ਹਾਂ?।...ਆਮ ਤੌਰ 'ਤੇ ਦਰਿਆ ਅਤੇ ਕੱਸੀਆਂ ਪਵਿਤਰ ਮੰਨੇ ਜਾਂਦੇ ਹਨ।... ਤੁਲਸੀ ਅਤੇ ਹੋਰ ਕਈ ਵੇਲ ਬੂਟੇ ਪੂਜਣ ਯੋਗ ਵਸਤਾਂ ਹਨ ਪਰੰਤੂ ਇਹ ਸਾਮਾਜਿਕ ਸਮੂਹਾਂ ਦੇ ਟੋਟਮ ਨਹੀਂ ਹਨ। ਇਸੇ ਤਰ੍ਹਾਂ ਬਿਲੀ, ਸੱਪ, ਗਾਂ, ਸ਼ੇਰ, ਬਾਂਦਰ, ਬਲਦ, ਘੋੜੇ ਆਦਿ ਦੀ ਮਨਾਹੀ ਅਤੇ ਪਰੰਪਰਾ ਦੁਆਰਾ ਰੱਖਿਆ ਕੀਤੀ ਜਾਂਦੀ ਹੈ।[52] ਇਸਤੋਂ ਇਲਾਵਾ ਡੀ.ਐਨ. ਝਾਅ ਲਿਖਦਾ ਹੈ ਕਿ 'ਪਸ਼ੂ ਆਰੀਆ ਲੋਕਾਂ ਦਾ ਸਭ ਤੋਂ ਮਹੱਤਵਪੂਰਨ ਧਨ ਸਨ। ਸਭ ਤੋਂ ਧਨੀ ਵਿਅਕਤੀ ਨੂੰ ਗੋਮਤ (ਗਊਆਂ ਦਾ ਮਾਲਕ) ਆਖਿਆ ਜਾਂਦਾ ਸੀ।'[53] ਡੀ. ਐਨ. ਝਾਅ ਗਾਂ ਪ੍ਰਤੀ ਹਿੰਦੂਆਂ ਦੀ ਸੰਵੇਦਨਾ ਨੂੰ ਮੁਗਲਾਂ ਨਾਲ ਜੋੜ ਕੇ ਦੇਖਦਾ ਹੈ। ਉਸ ਦੀ ਵਿਆਖਿਆ ਅਨੁਸਾਰ ਗਾਂ ਦੀ ਬਲੀ ਦੇਣਾ ਜਾਂ ਗਾਂ ਦਾ ਮਾਸ ਖਾਣਾ ਹਿੰਦੂ ਪਰੰਪਰਾ ਦਾ ਹਿੱਸਾ ਰਿਹਾ ਹੈ। ਪਰੰਤੂ ਜਦੋਂ ਮੁਗਲਾਂ ਦਾ ਆਗਮਨ ਹੁੰਦਾ ਹੈ ਤਾਂ ਉਹਨਾਂ ਨੂੰ ਗਾਂ ਦਾ ਮਾਸ ਖਾਣ ਵਾਲੀ ਕੌਮ ਦੇ ਤੌਰ 'ਤੇ ਵੇਖਿਆ ਜਾਣ ਲੱਗਾ। ਫਿਰ ਹਿੰਦੂ ਧਰਮ ਦੀ ਰੱਖਿਆ ਦਾ ਇਕ ਆਧਾਰ ਗਾਂ ਦੀ ਰੱਖਿਆ ਬਣਿਆ। ਇਸ ਨਾਲ ਗਾਂ ਰਾਜਨੀਤਕ ਤੌਰ 'ਤੇ ਹਿੰਦੂਆਂ ਲਈ ਇਕ ਬਹੁਤ ਹੀ ਪੁਖ਼ਤਾ ਹਥਿਆਰ ਬਣੀ, ਜਿਸ ਅਧੀਨ ਬਾਬਰ, ਅਕਬਰ ਅਤੇ ਜਹਾਂਗੀਰ ਨੇ ਗਾਂ ਦੀ ਹੱਤਿਆ 'ਤੇ ਰੋਕ ਵੀ ਲਗਾਈ। ਆਧੁਨਿਕ ਸਮੇਂ ਵਿਚ ਆ ਕੇ ਦਇਆਨੰਦ ਸਰਸਵਤੀ 1882 ਵਿਚ ਗੋਰਕਸ਼ਣੀ ਸਭਾ ਬਣਾਉਂਦਾ ਹੈ। ਇਸ ਉਪਰੰਤ ਸੁਤੰਤਰ ਭਾਰਤ ਵਿਚ ਮੋਰਾਰਜੀ ਦੇਸਾਈ ਦੀ ਸਰਕਾਰ ਵੇਲੇ ਗਾਂ ਦੀ ਹੱਤਿਆ ਦਾ ਵਿਰੋਧ ਕਰਨ ਵਿਰੁੱਧ ਇਕ ਕਾਨੂੰਨ ਬਣਾਇਆ ਜਾਂਦਾ ਹੈ।[54] ਇਸ ਤਰ੍ਹਾਂ ਗਾਂ ਦਾ

[50] ਗੁਰਬਖ਼ਸ਼ ਸਿੰਘ ਫ਼ਰੈਂਕ, ਸਭਿਆਚਾਰ ਅਤੇ ਪੰਜਾਬੀ ਸਭਿਆਚਾਰ, ਪੰਨਾ.30

[51] ਡਾ. ਟੀ. ਆਰ.ਵਿਨੋਦ, ਸੰਸਕ੍ਰਿਤੀ: ਸਿਧਾਂਤ ਤੇ ਵਿਹਾਰ,ਪੰਨਾ. 38

[52] ਡੀ.ਐਨ. ਮਜ਼ੂਮਦਾਰ, ਭਾਰਤੀ ਸੰਸਕ੍ਰਿਤੀਆਂ ਅਤੇ ਜਾਤੀਆਂ, ਬਲਦੇਵ ਸਿੰਘ(ਅਨੁ.), ਪੰਨਾ. 393

[53] cattle were the most valued possession and the chie form of the wealth of the early Aryans. A wealthy person was called gomat. D. N. Jha, The myth of holy cow, Navyana publishers, New Delhi, P.28

[54] -ibid-, p 18-20

ਰਾਜਨੀਤਕ ਤੌਰ 'ਤੇ ਹਿੰਦੂ ਸੰਵੇਦਨਾ ਦਾ ਹਿੱਸਾ ਬਣ ਜਾਣਾ ਗਾਂ ਦੀ ਹੱਤਿਆ ਦਾ ਵਿਰੋਧ ਕਰਵਾਉਂਦਾ ਹੈ ਨਾ ਕਿ ਇਸਦਾ ਟੈਬੂ ਹੋਣਾ।

ਇਸੇ ਤਰ੍ਹਾਂ 'ਟੈਬੂ' ਦੀ ਕੁਝ ਅਧੂਰੀ ਵਿਆਖਿਆ ਡਾ. ਜਸਵਿੰਦਰ ਸਿੰਘ ਦੁਆਰਾ ਦਿੱਤੀ ਮਿਲਦੀ ਹੈ। ਉਹ, 'ਪ੍ਰਾਚੀਨ ਸਮਾਜ' ਕਿਤਾਬ ਵਿਚੋਂ ਹਵਾਲਾ ਦੇ ਕੇ ਟੈਬੂ ਸ਼ਬਦ ਨੂੰ ਸਪੱਸ਼ਟ ਕਰਦੇ ਹਨ ਕਿ

> "ਚੱਜ, ਆਚਾਰ, ਨਿਯਮ, ਸਰਦਾਰ (Chief) ਵੱਲੋਂ ਜਾਰੀ ਕੀਤਾ ਗਿਆ ਹੁਕਮ ਜਾਂ ਆਦੇਸ਼, ਬੱਚਿਆਂ ਲਈ ਇਹ ਆਦੇਸ਼ ਕਿ ਆਪਣੇ ਵੱਡਿਆਂ ਦੀਆਂ ਵਸਤਾਂ ਨੂੰ ਨਾ ਛੇੜਨ, ਇਹਨਾਂ ਸਾਰਿਆਂ ਨੂੰ ਸ਼ਬਦ ਟਾਬੂ (tabu) ਦੁਆਰਾ ਪ੍ਰਗਟ ਕੀਤਾ ਜਾ ਸਕਦਾ ਹੈ।'[55] ਸਪੱਸ਼ਟ ਹੈ ਕਿ ਟੈਬੂ ਮਨਾਹੀਆਂ ਦੇ ਰੂਪ ਵਿਚ ਉਜਾਗਰ ਹੁੰਦਾ ਹੈ। ਫ਼ਿਰ ਵੀ 'ਹਰੇਕ ਪ੍ਰਕਾਰ ਦੀ ਮਨਾਹੀ ਟੈਬੂ ਨਹੀਂ ਹੁੰਦੀ। ਟੈਬੂ ਮਨਾਹੀ ਜ਼ਰੂਰ ਹੈ।'[56]

ਡਾ. ਜਸਵਿੰਦਰ ਸਿੰਘ ਦੁਆਰਾ ਦਿੱਤੀ ਇਸ ਪਰਿਭਾਸ਼ਾ ਦੀਆਂ ਪਹਿਲੀ ਸਤਰ ਦੀ ਗੱਲ ਕਰੀਏ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਟੈਬੂ ਵਿਚ ਚੱਜ, ਆਚਾਰ ਦੇ ਨਿਯਮ ਤਾਂ ਸ਼ਾਮਿਲ ਹੁੰਦੇ ਹਨ। ਪਰੰਤੂ ਜਿਥੋਂ ਤਕ ਸਰਦਾਰਾਂ ਦਾ ਸੰਬੰਧ ਹੈ ਤਾਂ ਅਸੀਂ ਉਪਰ ਇਸ ਵਿਸ਼ੇ 'ਤੇ ਗੱਲ ਕਰ ਆਏ ਹਾਂ ਕਿ ਸਰਦਾਰਾਂ ਦੁਆਰਾ ਨਿਯਮਾਂ ਨੂੰ ਨਿਰਧਾਰਤ ਨਹੀਂ ਸੀ ਕੀਤਾ ਜਾਂਦਾ ਸਗੋਂ ਇਹ ਸਾਰੇ ਨਿਯਮ ਉਹਨਾਂ ਦੇ ਨਾਂ ਹੇਠ ਕੇਵਲ ਲਾਗੂ ਕੀਤੇ ਜਾਂਦੇ ਸਨ। ਜੇਕਰ ਸੰਕਲਪ ਦੇ ਪੱਧਰ 'ਤੇ ਵੀ ਗੱਲ ਕਰੀਏ ਤਾਂ ਵੀ ਇਹ ਇਕ ਬਹੁਤ ਹੀ ਸੀਮਤ ਵਿਆਖਿਆ ਹੈ ਕਿਉਂਕਿ ਬੱਚਿਆਂ ਦੁਆਰਾ ਵੱਡਿਆਂ ਦੀਆਂ ਚੀਜ਼ਾਂ ਨੂੰ ਛੇੜਨਾ ਕਿਸੇ ਵੀ ਰੂਪ ਵਿਚ ਟੈਬੂ ਦੀ ਸ਼੍ਰੇਣੀ ਵਿਚ ਨਹੀਂ ਰੱਖਿਆ ਜਾ ਸਕਦਾ। ਸਗੋਂ ਬ੍ਰਾਊਨ ਖ਼ੁਦ ਵੀ ਇਸ ਨਾ ਕੇਵਲ ਬੱਚਿਆਂ ਦੇ ਪ੍ਰਸੰਗ ਵਿਚ ਸਗੋਂ ਟੈਬੂ ਦੇ ਸਹੀ ਅਰਥਾਂ ਤਕ ਨਾ ਅੱਪੜਨ ਕਰਕੇ ਇਸ ਸਾਰੀ ਵਿਆਖਿਆ ਨੂੰ ਪ੍ਰਸ਼ਨਚਿੰਨ੍ਹ ਲਗਾ ਕੇ ਦੇਖਦਾ ਹੈ।[57] ਜਿੱਥੋਂ ਤਕ ਸਰਦਾਰਾਂ ਦੁਆਰਾ ਦਿਤੇ ਹੁਕਮ ਦਾ ਸੰਬੰਧ ਹੈ ਤਾਂ ਫਰੇਜ਼ਰ ਇਸ ਗੱਲ ਨੂੰ ਭਲੀਭਾਂਤੀ ਸਪੱਸ਼ਟ ਕਰਦਾ ਹੈ ਕਿ ਆਰੰਭਕ ਪੜਾਅ ਦੌਰਾਨ ਸਰਦਾਰਾਂ ਉੱਤੇ ਸਭ ਤੋਂ ਜ਼ਿਆਦਾ ਬੰਦਿਸ਼ਾਂ ਸਨ ਕਿਉਂਕਿ ਉਹਨਾਂ ਦਾ ਮਰਿਆਦਾ ਵਿਚ ਰਹਿਣਾ (ਜਿਵੇਂ ਆਪਣੇ ਹੱਥ ਨਾਲ ਖਾਣਾ ਨਾ ਖਾਣਾ, ਧਰਤੀ 'ਤੇ ਪੈਰ ਨਾ ਰੱਖਣਾ ਆਦਿ) ਸਾਰੇ ਕਬੀਲੇ ਲਈ ਲਾਭਦਾਇਕ ਸੀ। ਇਹ ਮਰਿਆਦਾਵਾਂ ਇੰਨੀਆਂ ਸਖ਼ਤ ਸਨ ਕਿ ਇਕ ਸਮਾਂ ਅਜਿਹਾ ਵੀ ਆਇਆ ਜੋਂ ਕਬੀਲੇ ਵਿਚੋਂ ਕੋਈ ਵੀ ਵਿਅਕਤੀ ਕਬੀਲੇ ਦਾ ਸਰਦਾਰ ਬਣਨ ਨੂੰ ਤਿਆਰ ਨਾ ਹੁੰਦਾ। ਨਤੀਜਨ, ਸਰਦਾਰ ਦੀ ਉਪਾਧੀ ਲਈ ਬਾਹਰ ਦਾ ਕੋਈ ਵਿਅਕਤੀ ਚੁਣਿਆ ਜਾਂਦਾ।'[58] ਜਿਵੇਂ ਅਸੀਂ ਉਪਰ ਵੀ ਜ਼ਿਕਰ ਕਰ ਆਏ ਹਾਂ ਤਾਂ ਸੰਭਵ ਹੈ ਕਿ ਇਸੇ ਸਥਿਤੀ ਦੇ ਉਤਪੰਨ ਹੋਣ ਕਾਰਨ ਸ਼ਾਇਦ ਕਈ ਲੋਕ ਕਹਾਣੀਆਂ ਵਿਚ ਕਿਸੇ ਅਜਨਬੀ ਵਿਅਕਤੀ ਨੂੰ (ਜੋ ਰਾਜ ਵਿਚ ਆ ਕੇ ਸਭ ਤੋਂ ਪਹਿਲਾਂ ਦਰਵਾਜਾ ਖੜਕਾਉਂਦਾ ਹੈ) ਰਾਜਾ ਬਣਾਉਣ ਦੀ ਕਹਾਣੀ ਵੀ ਪ੍ਰਚੱਲਿਤ ਹੋਈ ਹੋਵੇਗੀ। ਸੋ, ਇਹ ਸਾਰੇ ਨਿਯਮ ਸਰਦਾਰ ਜਾਂ ਰਾਜੇ ਵੱਲੋਂ ਨਹੀਂ ਸਗੋਂ ਸਮਾਜ ਵੱਲੋਂ ਬਣਾਏ ਜਾਂਦੇ ਸਨ, ਜਿਹਨਾਂ ਦੀ ਪਾਲਣਾ ਕਰਨਾ ਸਰਦਾਰ ਲਈ ਵੀ ਓਨਾ ਹੀ ਆਵੱਸ਼ਕ ਸੀ ਜਿੰਨਾ ਕਿ ਆਮ ਲੋਕਾਂ ਲਈ।

ਸੋ ਇਸ ਚਰਚਾ ਉਪਰੰਤ ਅਸੀਂ ਕਹਿ ਸਕਦੇ ਹਾਂ ਕਿ ਟੈਬੂ ਨੂੰ ਕੇਵਲ ਮਨਾਹੀ ਅਧੀਨ ਰੱਖ ਕੇ ਨਹੀਂ ਵੇਖਿਆ ਜਾ ਸਕਦਾ ਕਿਉਂਕਿ ਜੇ ਇਹ ਕੇਵਲ ਮਨਾਹੀ ਹੁੰਦੇ ਤਾਂ ਹਰ ਤਰ੍ਹਾਂ ਦੀ ਰੋਕ ਇਹਨਾਂ ਅਧੀਨ ਆ ਜਾਂਦੀ। ਇਹ ਵਰਜਿਤ ਸੰਕਲਪ ਜ਼ਰੂਰ ਸਨ ਪਰੰਤੂ ਇਹਨਾਂ ਦਾ ਆਧਾਰ ਸਾਂਝੇ ਸਮਾਜਕ ਹਿਤ ਸਨ ਅਤੇ ਇਨ੍ਹਾਂ ਰਾਹੀਂ ਸਮਾਜਿਕ ਸੰਤੁਲਨ ਕਾਇਮ ਰੱਖਿਆ ਜਾਂਦਾ ਸੀ। ਸਰਦਾਰਾਂ ਦੇ ਸੰਬੰਧ ਵਿਚ ਵੇਖੀਏ ਤਾਂ ਸਰਦਾਰ ਦੀ ਭੂਮਿਕਾ ਨੂੰ ਵੀ ਤਾਂ ਹੀ ਪ੍ਰਵਾਨ ਕੀਤਾ ਜਾਂਦਾ ਸੀ ਜੇਕਰ ਉਹ ਸਮਾਜਕ ਨਿਯਮਾਂ ਅਤੇ ਖੁਲ੍ਹਾਂ ਅਧੀਨ ਕੰਮ ਕਰਦਾ ਸੀ। ਜੇਕਰ ਉਸ ਦੁਆਰਾ ਆਪਣੇ ਫਰਜ਼ ਨਿਭਾਉਣ ਵਿਚ ਕੋਈ ਵੀ ਕੁਤਾਹੀ ਵਰਤੀ ਜਾਂਦੀ ਸੀ ਤਾਂ ਸਮਾਜ ਉਸਨੂੰ ਤੁਰੰਤ ਸਜ਼ਾ ਦਿੰਦਾ ਸੀ। ਇਸੇ ਤਰ੍ਹਾਂ ਸਗੋਤਰੀ ਸੰਭੋਗ ਦੀ ਮਨਾਹੀ ਦਾ ਉਲੰਘਣ ਕਰਨ ਵਾਲੇ ਨੂੰ ਵੀ ਮੌਤ ਤਕ ਦੀ ਸਜ਼ਾ ਦੇ ਦਿਤੀ ਜਾਂਦੀ ਸੀ। ਇਸਤੋਂ ਇਲਾਵਾ ਗਾਂ ਨੂੰ ਅਸੀਂ ਟੈਬੂ ਦੀ ਸ਼੍ਰੇਣੀ ਵਿਚ ਨਹੀਂ ਰੱਖਦੇ ਕਿਉਂਕਿ ਗਊ ਹੱਤਿਆ ਅਤੇ ਗਾਂ-ਭੋਜ ਦੇ ਵਿਰੋਧ ਦਾ ਪ੍ਰਸੰਗ ਧਾਰਮਿਕ ਅਤੇ ਰਾਜਨੀਤਕ ਹੈ। ਜੇਕਰ ਟੋਟਮ ਨਾਲ ਟੈਬੂ ਦੇ ਸੰਬੰਧ ਦੀ ਗੱਲ ਕਰੀਏ ਤਾਂ ਟੋਟਮ ਉਪਰੰਤ ਟੈਬੂਆਂ ਦਾ ਸਰੂਪ ਬਦਲ ਜਾਣਾ ਇਸ ਗੱਲ ਨੂੰ ਪ੍ਰਮਾਣਿਤ ਕਰਦਾ ਹੈ ਕਿ ਟੈਬੂ ਕੋਈ

---

55 ਡਾ. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ, ਪੰਨਾ.71

56 -ਉਹੀ-, ਪੰਨਾ. 71

57 ਏ. ਆਰ. ਰੈਡਕਲਿਫ ਬ੍ਰਾਊਨ, ਪ੍ਰਾਚੀਨ ਸਮਾਜ, ਬਲਦੇਵ ਸਿੰਘ ਰਹਿਲ(ਅਨੁ.), ਪੰਨਾ. 137

58 ਜੇਮਜ਼ ਫਰੇਜ਼ਰ, ਸੁਨਹਿਰੀ ਟਾਹਣੀ, ਕੇ. ਐਲ. ਗਰਗ (ਅਨੁ.), ਜਿਲਦ ਪਹਿਲੀ, ਪੰਨਾ.455-457

ਇੱਕਸਾਰ ਰੂਪ ਵਿਚ ਸਥਾਪਿਤ ਸ਼ੈਅ ਨਹੀਂ ਹਨ। ਸਗੋਂ ਸਮੇਂ ਦੇ ਬਦਲਣ ਅਤੇ ਅਤੇ ਸਮਾਜ ਦੀ ਲੋੜ ਅਨੁਸਾਰ ਇਹ ਬਦਲ ਜਾਂਦੇ ਹਨ। ਜਿਥੋਂ ਤਕ ਪੰਜਾਬੀ ਸਾਹਿਤ ਦਾ ਸੰਬੰਧ ਹੈ ਤਾਂ ਉਸ ਵਿਚ ਇਸ ਸ਼ਬਦ ਦੀ ਬੜੀ ਅਧੂਰੀ ਵਿਆਖਿਆ ਮਿਲਦੀ ਹੈ। ਪਰੰਤੂ ਪੰਜਾਬੀ ਸਮਾਜ ਦੇ ਆਧਾਰ 'ਤੇ ਇਹਨਾਂ ਸੰਬੰਧੀ ਇਕ ਸਿੱਟਾ ਇਹ ਵੀ ਕੱਢਿਆ ਜਾ ਸਕਦਾ ਹੈ ਕਿ ਭਾਵੇਂ ਮੂਲ ਰੂਪ ਵਿਚ ਟੈਬੂ ਨਿਰੀ-ਪੁਰੀ ਮਨਾਹੀ ਹੀ ਨਹੀਂ ਹੈ, ਪਰ ਵਰਤਮਾਨ ਪੰਜਾਬੀ ਸੰਸਕ੍ਰਿਤੀ ਇਸਨੂੰ ਇਕ ਅਟੁੱਟਣਯੋਗ ਮਨਾਹੀ ਦੇ ਰੂਪ ਵਿਚ ਹੀ ਮੰਨਦਾ ਹੈ।

## 11. ਪੁਸਤਕ ਸੂਚੀ


1. ਜਸਵਿੰਦਰ ਸਿੰਘ (ਡਾ.), ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ, ਗਰੇਸ਼ੀਅਸ ਬੁਕਸ, ਪਟਿਆਲਾ; c2007.
2. ਥਾਪਰ, ਰੋਮਿਲਾ, ਭਾਰਤ ਕਾ ਇਤਿਹਾਸ, ਰਾਜਕਮਲ ਪ੍ਰਕਾਸ਼ਨ; c2008.
3. ਫਰਾਇਡ ,ਸਿਗਮੰਡ, ਪ੍ਰਮਾਤਮਾ ਦੀ ਉਤਪਤੀ ਤੇ ਇਸ ਭਰਮ ਦਾ ਭਵਿੱਖ, ਹਰਜੀਤ ਸਿੰਘ ਮਾਂਗਟ (ਅਨੁ.), ਤਰਕਭਾਰਤੀ ਪ੍ਰਕਾਸ਼ਨ ਬਰਨਾਲਾ; c2002.
4. ਫਰੇਜ਼ਰ, ਜੇਮਜ਼, ਸੁਨਹਿਰੀ ਟਾਹਣੀ, ਕੇ. ਐਲ. ਗਰਗ (ਅਨੁ.),ਜਿਲਦ ਪਹਿਲੀ, ਨਵਯੁੱਗ ਪ੍ਰਕਾਸ਼ਨ, ਦਿੱਲੀ; c2018.
5. ਫ਼ਰੈਂਕ, ਗੁਰਬਖ਼ਸ਼ ਸਿੰਘ ਸਭਿਆਚਾਰ ਅਤੇ ਪੰਜਾਬੀ ਸਭਿਆਚਾਰ, ਵਾਰਿਸ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ; c2010.
6. ਮਜ਼ੂਮਦਾਰ, ਡੀ.ਐਨ. ਭਾਰਤੀ ਸੰਸਕ੍ਰਿਤੀਆਂ ਅਤੇ ਜਾਤੀਆਂ, ਬਲਦੇਵ ਸਿੰਘ(ਅਨੁ.),ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1975.
7. ਵਿਨੋਦ, ਟੀ. ਆਰ (ਡਾ.), ਸੰਸਕ੍ਰਿਤੀ: ਸਿਧਾਂਤ ਤੇ ਵਿਹਾਰ,ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2004
8. ਏ. ਆਰ ਰੈਡਕਲਿਫ ਬ੍ਰਾਊਨ, ਪ੍ਰਾਚੀਨ ਸਮਾਜ: ਬਣਤਰ ਤੇ ਕਿਰਿਆ, ਬਲਦੇਵ ਸਿੰਘ ਰਹਿਲ (ਅਨੁ.), ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1974
9. Brown AR. Redcliffe, Structure and functions in Primitive Society, Fred Eggan (trans.), the free press Glencoe, Illinois; c1952.
10. Frazer, James, The Golden Bough, Macmillan and co., London; c1894.
11. Rene G. Violence and the sacred, Patrick Gregory (trans.), John Hopkins press, Baltimore; c1977.
12. Roy SC, Roy RM. The Kharias, man in India office, 1937, 1.
13. The voyages of Captain Cook, William Smith, 113 fleet street, London, 1828, 2.
14. Steiner, Franz, Taboo, Routledge press, London; c2004.
15. Wundt, Wilhelm, Elements of folk ways, Edwar Leroy Schoab, the Macmillan Company, New York; c1921.
16. Encyclopedia of social science, 2nd edition, macmillan reference, USA, page 2751
17. Oxford dictionary of Sociology
18. Oxford dictionary of sociology www.academia.edu/4264829/Claude_Levi_Strauss _elementary_structure_of_kinship_a_study_guide. 15/6/2017 1.25 www,euroklert,org